# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

JULY 1982

ਜੁਲਾਈ ੧੯੮੨



ਪਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਭਾਈ ਕਲਵੰਤ ਸਿੰਘ ਜੀ ਸ਼ਹੀਦ ਨਾਗੋਕੇ

www.AKJ.org

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੩/੭੦-੬੮-੨੧ (ਮਿਤੀ ੧੭-੧੦-੬੮ ਅ. ਪ.) ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤਤਕਰਾ

ਪੇਖਿ ਪੇਖਿ ਬਿਗਸਾਉ ਸਾਜਨ (ਅਰਥ ਵਿਆਖਿਆ) — ਭਾ: ਸਾ: ਭਾਈ ਰਣਧੀਰ ਸਿੰਘ ਜੀ — ੩
ਆਪਾ ਅਰਪਨ (ਤਨ ਮਨ ਧਨ ਵਾਰਨਾ ਅਸਲ ਗੁਰਮਤਿ ਦਾਨ) — ,, ,, ,, — ੫
ਗੁਰਦੁਆਰਾ ਨਾਨਕ ਲਾਮਾ ਚੁੰਗਥਾਂਗ (ਨਾਰਥ ਸਿਕਮ) — ਭਾਈ ਮੇਹਰ ਸਿੰਘ ਜੀ — ੯
ਪੂਰਬ ਜਨਮ ਕੇ ਮਿਲੇ ਸੰਜੋਗੀ (੬) — ਪ੍ਰੋਫੈਸਰ ਠਾਕਰ ਸਿੰਘ ਜੀ — ੧੨
ਬਾਬਾ ! ਮੂਰਖ ਹਾਂ — ਪ੍ਰਿੰਸੀਪਲ ਗੁਰਮੁਖ ਸਿੰਘ ਜੀ — ੧੬
ਕੂੜੁ ਫਿਰੈ ਪਰਧਾਨੁ ਵੇ ਲਾਲੋ — ਸਿੰਘਾਂ ਤੇ ਤਸ਼ੱਦਦ ਦੀ ਕਹਾਣੀ ਅਖ਼ਬਾਰਾਂ ਦੀ ਜ਼ਬਾਨੀ — ੨੧
ਮਾਪਿਆਂ ਦੀ ਸੇਵਾ–ਸ੍ਰੇਸ਼ਟ ਕਰਮ ਤੇ ਪਰਮ ਧਰਮ — ਗਿ: ਕਰਤਾਰ ਸਿੰਘ ਜੀ ਕੋਮਲ — ੩੨
ਸਾਡੀ ਸ਼ਬਦਾਵਲੀ ਕਿਧਰ ਨੂੰ — ਡਾ: ਗੁਰਬਖ਼ਸ਼ ਸਿੰਘ ਜੀ — ੩੫
ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ — ਗਿ: ਗੋਪਾਲ ਸਿੰਘ ਜੀ ਮਿਤਰ — ੩੭
ਰਾਗਮਾਲਾ ਬਾਰੇ ਪੁਛਾਂ — ਸੂਰਾ ਪਰਵਾਰ — ੩੮
ਗੁਰੂ ਕੇ ਮਹਿਲ ਵਿਖੇ ਪਾਵਨ ਬੀੜ ਦਾ ਘੋਰ ਅਪਮਾਨ — ਅਕਾਲੀ ਪਤ੍ਰਕਾ — ੩੯
ਸਿਖ ਧਰਮ ਦੀ ਵਿਲੱਖਣਤਾ — ਸ: ਓਅੰਕਾਰ ਬਖ਼ਸ਼ ਸਿੰਘ ਜੀ — ੪੦
ਹਾਲੈਂਡ ਵਿਖੇ ਨਾਮ ਬਾਣੀ ਦੀ ਵਰਖਾ ਅਤੇ ਪਰਤੱਖ ਕਲਾ — ਭਾਈ ਅਜਾਇਬ ਸਿੰਘ ਜੀ — ੪੧

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਅਵਤਾਰ ਧਾਰਿਆ — ੧੫ ਜੁਲਾਈ

# 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਕੈਪਟਨ ਬਲਵੰਤ ਸਿੰਘ ਜੀ ਨਵੀਂ ਦਿੱਲੀ | ਧਰਮਪਤਨੀ ਪਤਵੰਤ ਕੌਰ ਦੀ ਯਾਦ ਵਿਚ | 100-00 |
| ਸ: ਬਸੰਤ ਸਿੰਘ ਜੀ ਅੰਮ੍ਰਿਤਸਰ | ਨੂੰਹ ਦੀ ਦੇਹ ਅਰੋਗਤਾ ਲਈ ਰਖੇ ਅਖੰਡਪਾਠ ਦਾ ਚੜ੍ਹਾਵਾ | 125-10 |
| ਸ: ਕਰਮ ਸਿੰਘ ਜੀ ਸੱਗੂ ਗੋਰਾਇਆ | ਸੂਰਾ ਦੀ ਚੜ੍ਹਦੀ ਕਲਾ ਲਈ | 5-00 |
| ਸ: ਦਲਜੀਤ ਸਿੰਘ ਜੀ X.E.N. ਧਰਮਸਾਲਾ | ਪਿਤਾ ਸ: ਲਹਿਣਾ ਸਿੰਘ ਦੇ ਅੰਤਮ ਭੋਗ ਸਮੇਂ | 21-00 |
| ਸ: ਸੁਜਾਨ ਸਿੰਘ ਜੀ ਲੁਧਿਆਣਾ | ਸੂਰਾ ਦੀ ਚੜ੍ਹਦੀ ਕਲਾ ਲਈ | 10-00 |
| ਸ: ਅਤਰ ਸਿੰਘ ਜੀ ਬੰਬਈ | ,, ,, ,, | 5-00 |
| ਬੀਬੀ ਜਸਵਿੰਦਰ ਕੌਰ ਜੀ ਲੁਧਿਆਣਾ | ਕਾਕਾ ਨਵਜੋਤ ਸਿੰਘ ਦੇ ਸਕੂਲ ਦਾਖਲੇ ਸਮੇਂ | 11-00 |
| ਸ: ਅਵਤਾਰ ਸਿੰਘ ਜੀ ਫਰਾਕਾ ਬੈਰੇਜ | ਸੂਰਾ ਦੀ ਚੜ੍ਹਦੀ ਕਲਾ ਲਈ | 25-00 |
| ਸ: ਮੇਵਾ ਸਿੰਘ ਜੀ ਲੁਧਿਆਣਾ | ਚੜ੍ਹਾਵਾ ਅਖੰਡਪਾਠ ਸਮਾਗਮ | 50-00 |
| ਸ: ਸੋਹਨ ਸਿੰਘ ਜੀ ਬਰੇਲੀ | ਪੂਰਨ ਜੀ ਦੇ ਬੱਚਿਆਂ ਨਮਿਤ ਰਖੇ ਅਖੰਡਪਾਠ ਦਾ ਚੜ੍ਹਾਵਾ | 31-00 |
| ਇਕ ਸਿੰਘ ਜੀ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 10-00 |
| ਸ: ਰਣਧੀਰ ਸਿੰਘ ਜੀ ਸਨੌਲਾ | ਸੂਰਾ ਦੀ ਚੜ੍ਹਦੀ ਕਲਾ ਲਈ | 5-00 |
| ਸ: ਗੁਰਨਾਮ ਸਿੰਘ ਜੀ ਰੈਡਿੰਗ ਯੂ. ਕੇ. | ਬੱਚੀ ਸ਼ਰਨਜੀਤ ਕੌਰ ਦੀ ਚੜ੍ਹਦੀ ਕਲਾ ਲਈ | 290-52 |
| ਭਾ: ਬਲਬੀਰ ਸਿੰਘ ਜੀ ਹੇਜ਼ ਯੂ. ਕੇ. | ਸੂਰਾ ਦੀ ਚੜ੍ਹਦੀ ਕਲਾ ਲਈ | 83-00 |
| ਭਾ: ਸਤਪਾਲ ਸਿੰਘ ਜੀ ਲੇਟਨ ਯੂ. ਕੇ. | ,, ,, ,, | 83-00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੭. ੮੨ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

ਪਰਦੇਸ
ਸਮੁੰਦਰੀ ਡਾਕ ੩੦-੦੦

ਹਵਾਈ ਡਾਕ
ਅਰਬ, ਮਲਾਇਆ ੪੫-੦੦
ਯੂ. ਕੇ., ਅਫਰੀਕਾ ੬੦-੦੦
ਕਨੇਡਾ, ਅਮਰੀਕਾ ੭੦-੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੬ ਜੁਲਾਈ ੧੯੯੨ ਅੰਕ ੭


# ਪੇਖਿ ਪੇਖਿ ਬਿਗਸਾਉ ਸਾਜਨ

ਪੇਖਿ ਪੇਖਿ ਬਿਗਸਾਉ ਸਾਜਨ ॥ ਪ੍ਰਭੁ ਆਪਨਾ ਇਕਾਂਤ ॥੧॥ਰਹਾਉ॥
ਆਨਦਾ ਸੁਖ ਸਹਜ ਮੂਰਤਿ ਤਿਸੁ ਆਨ ਨਾਹੀ ਭਾਂਤਿ ॥੧॥
ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਤਿ ॥੨॥
ਗੁਣ ਰਮੰਤ ਦੂਖ ਨਾਸਹਿ ਰਿਦ ਭਇਅੰਤ ਸਾਂਤਿ ॥੩॥
ਅੰਮ੍ਰਿਤਾ ਰਸੁ ਪੀਉ ਰਸਨਾ ਨਾਨਕ ਹਰਿ ਰੰਗਿ ਰਾਤ ॥੪॥੪॥੧੫॥

[ਕਾਨੜਾ ਮਹਲਾ ੫, ਪੰਨਾ ੧੩੦੦-੦੧

**ਅਰਥ ਵਿਆਖਿਆ–**

[ਵਲੋਂ—ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਦਰਸ ਵਿਗਾਸੀ ਜੋਤਿ ਪੁਲਾੜ ਦਾ ਉਘਾੜ ਹੋਣ ਪਰ, ਇਸ ਦਰਸ-ਵਿਗਾਸ ਦੇ ਨਜ਼ਾਰੇ ਦੇ ਵਿਚ ਸਾਜਨ-ਸੁਖ-ਪ੍ਰੀਤਮ ਦਾ ਪਰਤੱਖ ਸਨਮੁਖ ਦੀਦਾਰ ਹੁੰਦਾ ਹੈ। ਸਾਜਨ ਦੇ ਇਸ ਦੀਦਾਰੇ ਨੂੰ ਪੇਖਿ ਪੇਖਿ ਦੇਖ ਦੇਖ ਕੇ ਮੁਸ਼ਤਾਕ ਦੀਦਾਰੂਆ ਵਿਗਸ ਵਿਗਸ ਕੇ ਬਿਹਸ ਬਿਹਸ ਕੇ ਅੰਦਰੇ ਅੰਦਰਿ ਬਿਸਮਾਦ ਦਰਸ਼ਨ ਨੂੰ ਜਰ ਜਰ



www.AKJ.Org

ਕੇ ਮਹਾਂ ਅਨੰਦ ਹੁੰਦਾ ਹੋਇਆ ਮੁਸਕ੍ਰਾਉਂਦਾ ਹੈ। ਮੁਸਕੜੀਏ ਹੱਸਦਾ ਹੈ। ਕਿਸੇ ਨੂੰ ਲਖਾਉਂਦਾ ਨਹੀਂ। ਇਹ ਪ੍ਰਭੂ ਪ੍ਰੀਤਮ ਸੰਗਿ ਕੇਲ ਕਰਨ ਵਾਲੀ ਨਿਰੋਲ ਇਕਾਂਤ ਬਿਵਸਥਾ ਹੁੰਦੀ ਹੈ, ਜੋ ਵਿਰਲੇ ਵਾਂਞਿਆਂ ਗੁਰਮੁਖਾਂ ਤੇ ਹੀ ਵਾਪਰਦੀ ਹੈ। ਅਤੇ ਇਸ ਨੂੰ ਸੋਈ ਜਾਣਦੇ ਹਨ ਜਿਨ੍ਹਾਂ ਨੇ ਇਹ ਰੰਗ ਮਾਣਿਆ ਹੈ।

ਇਹ "ਕਰੇ ਅਨੰਦੁ ਅਨੰਦੀ ਮੇਰਾ" ਵਾਲੀ ਅਤਿ ਸੁਖ ਸਹਿਜਨੀ ਆਤਮ-ਬਿਵਸਥਾ ਹੁੰਦੀ ਹੈ, ਜਿਸ ਵਿਚ ਪਰਮ ਅਨੰਦੀ (ਪਰਮਾਨੰਦੀ)ਸੁਖ ਸਹਜਨੀ ਮੂਰਤੀ ਵਾਲੇ ਅਕਾਲ ਮੂਰਤਿ ਵਾਹਿਗੁਰੂ ਦੇ ਪਰਤੱਖ ਦਰਸ਼ਨ ਹੁੰਦੇ ਹਨ। ਸਾਂਗੋ ਪਾਂਗ ਸਨਮੁਖੀ ਦੀਦਾਰੇ ਹਰ ਦੰਮ ਹੁੰਦੇ ਰਹਿੰਦੇ ਹਨ। ਚੇਤੇ ਰਹੇ ਕਿ ਵਾਹਿਗੁਰੂ ਨਿਰੰਕਾਰ ਦੀ ਆਕਾਰ ਰਹਿਤ ਮੂਰਤੀ ਹੈ। ਮੂਰਤਿ ਤਾਂ ਉਸ ਦੀ ਹੈ, ਪਰ ਕਾਲ ਚੱਕ੍ਰ ਚਿਹਨੀ ਮੂਰਤੀ ਨਹੀਂ। ਕਾਲ ਰਹਿਤ ਅਕਾਰ ਰਹਿਤ ਜੋਤਿ ਤੇਜ ਮੁਜੱਸਮੀ ਅਕਾਲ ਮੂਰਤੀ ਹੈ। ਜਿਸ ਨੂੰ ਪੇਖ ਕੇ ਪੇਖਨ-ਹਾਰੇ ਪ੍ਰੇਮੀ ਮੁਸ਼ਤਾਕੜੇ ਉਪਰ ਨਿਰੀ ਬਿਸਮਾਦਤਾ ਹੀ ਬਿਸਮਾਦਤਾ ਛਾਈ ਰਹਿੰਦੀ ਹੈ। ਇਸ ਬਿਸਮਾਦ ਸਰੂਪ ਅਲੌਕਿਕ ਵਜੂਦ ਮੁਜੱਸਮ ਸੁਹੱਪਣ ਸਮਾਨ (ਸਦਰਸ) ਹੋਰ ਕੋਈ ਵਜੂਦ ਨਹੀਂ। ਇਸ ਭਾਤ ਆਨ ਕੋਈ ਦਰਸ਼ਨ ਨਹੀਂ। ਇਸ ਦੇ ਤੁਲ ਹੋਰ ਕੋਈ ਦਰਸ਼ਨੀ ਮੂਰਤਿ ਨਹੀਂ। ਇਸ ਅਲੌਕਿਕ ਅਤੁਲਤਾ ਕਰਾਂਤੀ ਦਰਸ਼ਨ ਨੂੰ ਪੇਖਿ ਪੇਖਿ ਸਿਮਰਨ ਦੀ ਇਕ ਅਧਿਭੁਤ ਲਹਿਰ ਛਿੜ ਪੈਂਦੀ ਹੈ। ਸਨਮੁਖੀ ਦਰਸ਼ਨਾਂ ਦਾ ਕੌਤਕ ਬਿਸਮਾਦ-ਜਨਕ ਅਹਿਲਾਦ ਦਾ ਲਖਾਇਕ ਹੈ। ਇਹ ਬਿਸਮ ਬਿਨੋਦੀ ਸਨਮੁਖਤਾ ਵਾਲੇ ਦਰਸ਼ਨ, ਮਿਕਨਾਤੀਸੀ-ਰੌ-ਸਿਮਰਨ ਦੀ ਛੇੜ ਦਿੰਦੇ ਹਨ।

ਇਸ ਦਰਸ਼ਨਿ ਸਮਾਏ, ਦਰਸਨਿ ਬਿਸਮਾਏ "ਸਿਮਰਤ" ਦੀ ਅਵਸਥਾ ਪ੍ਰਾਪਤ ਹੋਣ ਪਰ ਸਾਧਾਰਨ ਸਰਧਾ ਸੰਧੂਰਤੀ ਸਿਮਰਨ ਇਕ ਬਾਰ ਕਰਨ ਕਰਿ "ਮਿਟਿ ਕੋਟਿ ਕਸਮਲ ਜਾਤਿ" ਵਾਲਾ ਪਰਤੱਖ ਵਰਤਾਰਾ ਵਰਤ ਜਾਂਦਾ ਹੈ। ਕੋਟਿ ਕਰੂਰ ਕਰਮੀ ਬੱਜਰ ਪਾਪ ਮਿਟ ਜਾਂਦੇ ਹਨ। "ਸਿਮਰਤ ਇਕ ਬਾਰ ਹਰਿ ਹਰਿ ਮਿਟਿ ਕੋਟਿ ਕਸਮਲ ਜਾਤਿ।" ਇਸ ਗੁਰਵਾਕ ਪੰਗਤੀ ਤੋਂ ਸਾਫ ਸਿਧ ਹੈ ਕਿ ਗੁਰ-ਸ਼ਬਦ ਦਾ ਇਕ ਵਾਰੀ ਸਿਮਰਨ ਕੀਤਾ ਕ੍ਰੋੜਾਂ ਪਾਪਾਂ ਅਤੇ ਕਰੋੜਾਂ ਪਾਪ-ਕਰਮਾਂ ਨੂੰ ਦਘਧ ਕਰਨ ਲਈ ਸਮਰਥ ਹੈ। ਜੈਸੇ ਕਿ ਲਖਾਂ ਕਰੋੜਾਂ ਮਣਾਂ ਲਕੜੀਆਂ ਦੇ ਢੇਰ ਨੂੰ ਬੈਸੰਤਰ ਦੀ ਇਕੋ ਚਿੰਗਾੜੀ ਸਾੜ ਸਿਟਦੀ ਹੈ, ਇਸੇ ਤਰ੍ਹਾਂ ਇਕ ਵਾਰ ਗੁਰਮਤਿ ਨਾਮ ਦਾ ਜਾਪ ਕੀਤਾ ਕਰੋੜਾਂ ਹੀ ਕਸਮਲ ਪਾਪਾਂ ਕੁਕਰਮਾਂ ਸੰਤਾਪਾਂ ਨੂੰ ਦਘਧ ਕਰਨ ਲਈ ਸਮਰੱਥ ਹੈ। ਵਾਹਿਗੁਰੂ ਦੇ ਗੁਣਾਂ ਨੂੰ ਰਮਣ ਕੀਤਿਆਂ, ਵਾਹਿਗੁਰੂ ਗੁਣਾਂ ਨੂੰ ਗਾਂਵਿਆਂ ਰਾਵਿਆਂ ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ। ਅਤੇ ਦੁਖਾਂ ਕਲੇਸ਼ਾਂ ਤੋਂ ਤਪੇ ਹੋਏ ਹਿਰਦੇ ਸ਼ਾਂਤ (ਸੀਤਲ, ਠੰਢੇ) ਹੋ ਜਾਂਦੇ ਹਨ।

ਅੰਮ੍ਰਿਤ ਬਾਣੀ ਰੂਪੀ ਅੰਮ੍ਰਿਤ-ਗੁਣ ਗਾਉਣ ਕਰਕੇ ਰਸਨਾ ਅੰਮ੍ਰਿਤ ਦੇ ਹੀ ਗਟਾਕ-ਰਸ ਪੀਂਦੀ ਹੈ ਅਤੇ ਵਾਹਿਗੁਰੂ ਦੇ ਰੰਗਾਂ ਵਿਚਿ ਹੀ ਰੰਗੀ ਜਾਂਦੀ ਹੈ। ਗੁਣ ਗਾਉਣ ਵਾਲਾ ਭੀ ਅੰਮ੍ਰਿਤ ਦੇ ਗਟਾਕ ਹੀ ਪੀਂਦਾ ਹੈ ਅਤੇ ਰਸ-ਜੋਤਿ-ਰੰਗਾਂ ਦੇ ਰੰਗਾਂ ਵਿਚਿ ਰੰਗੀਜਿਆ ਜਾਂਦਾ ਹੈ। ["ਗੁਰਮਤਿ ਕਰਮ ਫਿਲਾਸਫੀ" ਪੁਸਤਕ ਵਿਚੋਂ

---

[ਸਫ਼ਾ ੮ ਦੀ ਬਾਕੀ]

ਅਸਥਾਨ ਹੈ, ਜਿਸਨੂੰ **ਰਮਣਕੋ** ਕਹਿੰਦੇ ਹਨ। ਏਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਹਨ। ਏਥੇ ਇਕ ਬੜਾ ਭਾਰੀ ਗੁਮਫਾ (Gumpha) ਬੋਧੀ ਮੰਦਰ ਹੈ, ਜਿਸਦਾ ਮੁਖੀ ਪੁਜਾਰੀ ਗੁਰੂ ਨਾਨਕ ਸਾਹਿਬ ਦਾ ਪੁਜਾਰੀ ਹੈ, ਤੇ ਓਹ ਗੈਂਗਟਾਕ ਪਰਾਂਤ ਦਾ ਕਲਚਰਲ ਮਨਿਸਰ (Cultural Minister) ਭੀ ਹੈ।

ਗੁਰਦੁਆਰਾ ਚੁੰਗਥਾਂਗ (ਨਾਨਕ ਲਾਮਾ) ਬਾਰੇ ਵਧੇਰੇ ਜਾਣਕਾਰੀ ਹੇਠ ਲਿਖੇ ਸਿੰਘਾਂ ਤੋਂ ਮਿਲ ਸਕਦੀ ਹੈ :–

੧. ਸੂਬੇਦਾਰ ਮੇਜਰ ਗਿਆਨ ਸਿੰਘ ਭੁੱਲਰ, 17, Assam Rifles c/o 99 A.P.O.
੨. ਸੂਬੇਦਾਰ ਮੇਜਰ ਮੇਵਾ ਸਿੰਘ STA Telecom Wing Cus (P) Hakimpara, Sili Guri, Distt. Darjiling (W.B.) (Phone 22794)



www.AKJ.Org

# ਆਪਾ ਅਰਪਨ

## ਅਰਥਾਤ

# ਤਨ ਮਨ ਧਨ ਵਾਰਨਾ ਅਸਲ ਗੁਰਮਤਿ ਦਾਨ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਜੋ ਵਸਤੂ ਜੋ ਪਦਾਰਥ ਗੁਰੂ ਕੇ ਸਿੰਘ ਗੁਰੂ-ਅਰਪਨ ਕਰ ਚੁਕੇ, ਜੋ ਕੁਝ ਭੀ ਉਹ ਗੁਰੂ ਦੀ ਨਮਿਤ ਦੇ ਚੁਕੇ, ਉਸ ਦੇ ਵਿਚ ਉਹਨਾਂ ਦੀ ਮੋਹ-ਮਮਤਾ ਕੀ ? ਉਹਨਾਂ ਤਾਂ ਗੁਰੂ ਦੀ ਅਮਾਨਤ ਅਦਾ ਕੀਤੀ ਹੈ ਅਤੇ ਗੁਰੂ ਕੇ ਹੁਕਮ ਅਨੁਸਾਰ ਟਹਿਲ ਸੇਵਾ ਕੀਤੀ ਹੈ, ਅਤੇ ਟਹਿਲ ਸੇਵਾ ਗੁਰੂ ਦੇ ਸਿੰਘਾਂ ਦਾ ਫ਼ਰਜ਼ ਹੈ । ਫ਼ਰਜ਼ ਨੂੰ ਪੂਰਾ ਕਰਦਿਆਂ, ਗੁਰੂ ਕੀ ਵਸਤ ਨੂੰ ਗੁਰੂ ਅਗੇ ਰਖਦਿਆਂ ਹੋਇਆਂ ਉਹਨਾਂ ਦੇ ਅੰਦਰ ਰੰਚਕ ਹਉਮੈ ਬਿਆਪਿ ਹੀ ਨਹੀਂ ਸਕਦੀ । ਅਤੇ ਨਾ ਹੀ ਉਹ ਕਿਸੇ ਉਪਰ ਕੋਈ ਅਹਿਸਾਨ ਜਣਾਉਂਦੇ ਹਨ । ਸਗੋਂ ਜੇ ਕੋਈ ਸ਼ੁਭ ਅਵਸਰ ਉਹਨਾਂ ਨੂੰ ਦਾਨ ਪੁੰਨ ਦਾ ਮਿਲਦਾ ਭੀ ਹੈ ਤਾਂ ਉਹ ਗੁਰੂ ਨਮਿਤ ਸੇਵਾ ਭੇਟਾ ਤੁਛ ਮਾਤਰ ਅਰਪਨ ਕਰ ਕੇ ਆਪਣੀ ਸੁਫਲ ਕਮਾਈ ਸਮਝਦੇ ਹਨ ਅਤੇ ਅਮਾਨਤ ਅਦੱਾ ਕਰ ਕੇ ਨਿਰਭਾਰ ਹੋ ਜਾਂਦੇ ਹਨ । ਉਹਨਾਂ ਦਾ ਰੋਮ ਰੋਮ ਸ਼ੁਕਰ ਅੰਦਰ ਲੀਨ ਹੁੰਦਾ ਹੈ, ਕਿ ਸੁਫਲ ਕਮਾਈ ਲੇਖੇ, ਗੁਰੂ ਲੇਖੇ ਲਗ ਗਈ, ਕਿਉਂਕਿ ਉਹ ਸਦਾ ਇਸ ਪ੍ਰਕਾਰ ਮਨ ਬਚ ਕਰਮ ਕਰਕੇ ਸਮਝਦੇ ਹਨ ਕਿ—

ਮਨੁ ਤਨੁ ਤੇਰਾ ਧਨੁ ਭੀ ਤੇਰਾ ॥ ਤੂੰ ਠਾਕੁਰੁ ਸੁਆਮੀ ਪ੍ਰਭੁ ਮੇਰਾ ॥
ਜੀਉ ਪਿੰਡੁ ਸਭੁ ਰਾਸਿ ਤੁਮਾਰੀ ਤੇਰਾ ਜੋਰੁ ਗੋਪਾਲਾ ਜੀਉ ॥੧॥
ਸਦਾ ਸਦਾ ਤੂੰ ਹੈ ਸੁਖਦਾਈ ॥ ਨਿਵਿ ਨਿਵਿ ਲਾਗਾ ਤੇਰੀ ਪਾਈ ॥
ਕਾਰ ਕਮਾਵਾ ਜੇ ਤੁਧੁ ਭਾਵਾ ਜਾ ਤੂੰ ਦੇਹਿ ਦਇਆਲਾ ਜੀਉ ॥੨॥੪੦॥

[ਮਾਝ ਮਹਲਾ ੫, ਪੰਨਾ ੧੦੬

ਇਹੁ ਤਨੁ ਮਨੁ ਤੇਰਾ ਸਭਿ ਗੁਣ ਤੇਰੇ ॥ ਖੰਨੀਐ ਵੰਞਾ ਦਰਸਨ ਤੇਰੇ ॥੨॥੧੧॥

[ਤੁਖਾਰੀ ਛੰਤ ਮ: ੫, ਪੰਨਾ ੧੧੧੭

ਗੁਰੂ ਦਾ ਸਭ ਕੁਝ ਸਮਝਦੇ ਹੋਏ, ਗੁਰੂ ਕੇ ਲੇਖੇ ਸਰਬੰਸ ਲਾਉਂਦਿਆਂ ਓਹ ਬਫਾਉਂਦੇ ਨਹੀਂ । ਨਿਰਮਾਣ ਸੇਵਾ ਸਮਝ ਕੇ ਸਭ ਕੁਝ ਗੁਰੂ ਦੇ ਨਮਿਤ ਅਰਪਨ ਕਰੀ ਜਾਂਦੇ ਹਨ । ਅਤੇ ਇਸ ਅਰਪਨ ਕਰਨ ਦੀ ਸੇਵਾ ਘਾਲਣਾ ਵਿਚ ਭੀ ਓਹਨਾਂ ਨੂੰ ਅੰਤਰੀਵੀ ਰਸ ਹੁੰਦਾ ਹੈ । ਜਿਉਂ ਜਿਉਂ ਇਹ ਸੇਵਾ ਸਮਰਪਨ ਦਾ ਵਾਧਾ ਵਧਦਾ ਜਾਂਦਾ ਹੈ, ਤਿਉਂ ਤਿਉਂ ਓਹ ਹੋਰ ਤੇ ਹੋਰ ਆਤਮ-ਰਸ ਵਿਚ ਲਿਵ-ਮਗਨ ਅਤੇ ਮਸਤ ਅਲਮਸਤ ਹੁੰਦੇ ਜਾਂਦੇ ਹਨ । ਅਤੇ ਇਸ ਬਿਧਿ ਇਹ ਦਾਨ ਭੀ ਇਸ਼ਨਾਨ ਦੀ ਨਿਆਈਂ, ਨਾਮ ਸਿਫਤ ਸਲਾਹ ਦੀ ਚੜ੍ਹਦੀ ਕਲਾ ਵਿਚ ਸਹਾਈ ਹੁੰਦਾ ਹੈ, ਅਤੇ ਏਸੇ ਕਰਕੇ ਹੀ ਇਹ ਨਾਮ ਦੇ ਸੰਗ-ਸਾਥ ਸਾਧਨ-ਸੰਪੰਨ ਸੁਕ੍ਰਿਤ ਕਰਮ ਬਿਬੇਕ ਹੈ, ਜਿਸ ਦਾ ਧਾਰਨ ਕਰਨਾ ਹਰ ਇਕ ਸੁਚਿਆਰ ਸਿਖ ਲਈ ਅਤੀ ਜ਼ਰੂਰੀ ਹੈ, ਜੋ ਕਿ ਸਦਾ ਨਾਮ ਮਹਾਂ ਰਸ ਦੀਆਂ ਚੜ੍ਹਦੀਆਂ ਬਿਬੇਕ ਕਲਾਂ ਵਾਲੀਆਂ ਰੰਗ ਰਲੀਆਂ ਮਾਨਣਾ ਲੋਚਦਾ ਹੈ । ਪਰਮ ਹੁਕਮ ਨਾਮ-ਬਿਬੇਕ ਦੀ ਪਾਲਣ ਲਈ ਆਪਾ ਅਰਪਣ ਕਰਨਾ ਪੈਂਦਾ ਹੈ, ਕਿਉਂਕਿ ਆਪਾ ਅਰਪਣ ਕਰਨਾ ਭੀ ਗੁਰੂ ਕਾ ਹੁਕਮ ਹੈ, ਜਿਸ ਦੇ ਪਰਮ ਹੁਕਮ ਦੇ ਤਾਬਿਆ, ਕਮਾਵਣ ਦੀ ਸਦਾ ਲੋੜ ਹੈ । ਆਪਣੇ ਪਾਸ ਜੋ ਕੁਛ ਭੀ ਹੈ, ਆਪਣੇ ਆਪ ਸਾਰਖਾ ਭੀ ਗੁਰੂ ਨਮਿਤ ਅਰਪਨ ਕਰ ਦੇਣਾ ਗੁਰਮਤਿ ਦਾਨ ਹੈ । ਗੁਰੂ ਘਰ ਵਿਖੇ ਸਭ ਤੋਂ ਸ੍ਰੇਸ਼ਟ ਸੇਵਾ-ਸਮਰਪਨ ਅਤੇ ਆਪਾ ਅਰਪਨ ਦਾ ਪਰਤੱਖ ਨਮੂਨਾ ਗੁਰ ਦਸਮੇਸ਼ ਜੀ ਦੇ ਉਚਾਰੇ ਇਸ ਗੁਰਵਾਕ ਤੋਂ ਵਿਦਮਾਨ ਹੈ—



www.AKJ.Org

ਸਵੱਯਾ— ਸੇਵ ਕਰੀ ਇਨ ਹੀ ਕੀ ਭਾਵਤ, ਅਉਰ ਕੀ ਸੇਵ ਸੁਹਾਤ ਨ ਜੀ ਕੋ ॥
ਦਾਨ ਦਯੋ ਇਨ ਹੀ ਕੋ ਭਲੋ, ਅਰ ਆਨ ਕੋ ਦਾਨ ਨ ਲਾਗਤ ਨੀਕੋ ॥
ਆਗੈ ਫਲੈ ਇਨ ਹੀ ਕੋ ਦਯੋ, ਜਗ ਮੈਂ ਜਸੁ ਅਉਰ ਦਯੋ ਸਭ ਫੀਕੋ ॥
ਮੋ ਗ੍ਰਿਹਿ ਮੈ ਤਨ ਤੇ ਮਨ ਤੇ, ਸਿਰ ਲਉ ਧਨ ਹੈ ਸਭ ਹੀ ਇਨ ਹੀ ਕੋ ॥

ਜੋ ਓਹਨਾਂ ਨੇ ਪਰਤੱਖ ਕਮਾ ਕੇ ਦਿਖਾਇਆ ਅਤੇ ਸਿਖ ਬਿਬੇਕੀ ਜਨਾਂ ਲਈ ਆਪਾ ਅਰਪਨ ਕਰਨ ਦੇ ਅਸਲ ਪੂਰਨੇ ਪਾਏ। ਤਨ ਕਰਕੇ ਅਤੇ ਧਨ ਸਮੇਤ ਸਭ ਕੁਛ ਗੁਰ ਵਿਟਹੁ, ਗੁਰੂ ਪੰਥ ਵਿਟਹੁ, ਗੁਰਸਿਖਾਂ ਵਿਟਹੁ ਅਰਪਨ ਕਰ ਦੇਣਾ ਗੁਰੂ ਘਰ ਦਾ ਸ੍ਰੇਸ਼ਟ ਦਾਨ ਬਿਬੇਕ ਹੈ। ਅਤੇ ਇਸ ਦਾਨ ਅਰਪਨ ਬਿਬੇਕ ਅੰਦਰ ਇਕ ਪ੍ਰੇਮ ਦਾ ਉਮਾਹ ਹੈ, ਇਕ ਇਸ਼ਕ ਦਾ ਉਛਾਲਾ (ਜਜ਼ਬਾ) ਹੈ, ਇਕ ਭਾਉ-ਭਗਤੀ ਦਾ ਵਲਵਲਾ ਹੈ, ਜਿਸ ਦੀ ਮਸਤੀ ਵਿਚ ਬੇਧੇ ਤਾਣ ਪ੍ਰਵੇਧੇ ਹੋਏ ਓਹ ਸਭ ਕੁਛ ਅਰਪਨ ਕਰੀ ਜਾਂਦੇ ਹਨ, ਜਿਵ ਜਿਵ ਕਿ ਉਨ੍ਹਾਂ ਨੂੰ ਹੁਕਮ ਰਜ਼ਾ ਅਨੁਸਾਰ ਪ੍ਰੇਰਨਾ ਹੁੰਦੀ ਹੈ। ਹਰਿ ਦਰਸਨ ਕੈ ਜਨ ਪ੍ਰੀਤਮ-ਪ੍ਰਾਪਤੀ ਦੇ ਪ੍ਰੇਮ-ਪਿੜ ਦੇ ਖਿਡਾਰੀ ਅਨੰਦ ਸਾਹਿਬ ਦੀ ਬਾਣੀ ਦਾ, ਨਿਤਨੇਮ ਦੀ ਅੰਮ੍ਰਿਤ ਬਾਣੀ ਦਾ ਪਾਠ ਕਰਦੇ ਹੋਏ, ਨਿਤ ਇਸ ਹੁਕਮ ਰਜ਼ਾ ਵਿਚ ਦੀ ਲੰਘਦੇ ਹਨ ਕਿ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥੯॥ (੯੧੮)

ਉਹ ਆਪਣੀ ਸੁਚਿਆਰਤਾ ਦੀ ਰੌਸ਼ਨੀ ਦੇ ਪ੍ਰਭਾਵ ਤਲੇ ਪਰਤੱਖ ਅਨੁਭਵ ਕਰਦੇ ਹਨ ਕਿ ਤਨ, ਮਨ, ਧਨ, ਸਰਬੰਸ (ਸਭ ਕੁਛ) ਗੁਰੂ ਨਮਿਤ ਗੁਰੂ ਉਪਰੋਂ ਵਾਰ ਦੇਣਾ, ਗੁਰੂ ਪੰਥ ਉਪਰ ਦੀ ਕੁਰਬਾਨ ਕਰ ਸੁਟਣਾ ਅਤੇ ਗੁਰਸਿਖਾਂ ਦੇ ਸਦਕੇ ਵਾਰਨੇ ਬਲਿਹਾਰਨੇ ਕਰ ਦੇਣਾ ਹੁਕਮ ਹੈ ਅਤੇ ਗੁਰੂ ਕਾ ਹੁਕਮ, ਅਟੱਲ ਪ੍ਰਤਾਪੀ ਹੁਕਮ ਹੈ ਅਤੇ ਇਸ ਹੁਕਮ ਦੇ ਨਿਤ ਪੜ੍ਹਨ ਪਾਠ ਕਰਨ ਦਾ ਅਸਲ ਲਾਭ ਇਹ ਹੈ ਕਿ ਇਸ ਨੂੰ ਕਮਾਇਆ ਭੀ ਜਾਵੇ। ਸੋ ਜੋ ਕਮਾਉਂਦੇ ਹਨ ਸੋ ਅਸਲੀ ਬਿਬੇਕੀ ਸਿੰਘ ਸੁਜਾਨ ਹਨ। ਜਿਨ੍ਹਾਂ ਨੇ ਇਸ ਬਿਧਿ ਆਪਾ ਅਰਪਨ ਕਰ ਕੇ ਆਪਣਾ ਆਪ ਗਵਾਇਆ ਹੈ ਤਿਨ੍ਹਾਂ ਨੇ ਹੀ ਪ੍ਰੀਤਮ ਨੂੰ ਪਾਇਆ ਹੈ। ਉਹਨਾਂ ਨੂੰ ਭਾਵੇਂ ਲੋਕੀ ਕੰਗਲਾ ਕਹੇ, ਗਰੀਬ ਕਹੇ, ਨਿਮਾਣਾ ਕਹੇ, ਨਿਤਾਣਾ ਕਹੇ, ਨਿਥਾਵਾਂ ਕਹੇ, ਘਰ ਘਾਟੋਂ ਹੀਣਾ ਕਹੇ, ਪਰ ਲੋਕਾਂ ਦੇ ਕਹੇ ਤੇ ਕੀ ਬਣਦਾ ਹੈ। ਉਹਨਾਂ ਦੇ ਏਸ ਕੰਗਲਾ-ਪਣ ਨੇ ਹੀ, ਉਹਨਾਂ ਦੀ ਏਸ ਗਰੀਬੀ ਨੇ ਹੀ ਉਹਨਾਂ ਦਾ ਮਨ ਨੀਵਾਂ ਕੀਤਾ ਹੈ ਤੇ ਮਤਿ ਉਚੀ ਕੀਤੀ ਹੈ। ਇਸ ਬਿਧਿ ਨੀਵੇਂ ਹੋਣ ਕਰਕੇ ਉਹ ਨਾਮ ਦੇ ਰੰਗਾਂ ਵਿਚ ਰਤੇ ਗਏ ਹਨ ਅਤੇ ਉਹ ਅਤਿ ਉਚੀ ਮਤਿ ਵਾਲੇ, ਉਚੀਆਂ ਤੋਂ ਉਚੀ ਗੁਰਮਤਿ ਮਤਿ ਵਾਲੇ ਹੋ ਗਏ ਹਨ। ਅਤੇ—

ਗੁਰਮਤਿ ਮਤਿ ਅਚਲੁ ਹੈ ਚਲਾਇ ਨ ਸਕੈ ਕੋਇ ॥

[ਬਿਹਾਗੜਾ ਕੀ ਵਾਰ, ਸਲੋਕ ਮ: ੩, ਪੰਨਾ ੫੪੮-੪੯

ਇਹ ਅਚੱਲ ਉਚੀ ਗੁਰਮਤਿ ਮਤਿ ਨਾਮ ਰਤੇ ਰੰਗਾਂ ਵਾਲੀ ਬਿਰਤੀ ਹੈ, ਜਿਸ ਥੋਂ ਚਲਾਇਮਾਨ ਕੋਈ ਨਹੀਂ ਕਰ ਸਕਦਾ। ਐਸੇ ਨਾਇ-ਰਸੀਅੜੇ ਨਾਮ-ਰੰਗਾਂ ਵਿਚ ਰਤੇ ਗੁਰਮੁਖ ਜਨਾਂ ਦੇ ਪ੍ਰਤਾਪ ਕਰਕੇ ਹੀ ਸੰਸਾਰਕ ਗਰੀਬੀ, (ਮਾਇਕ ਕੰਗਲਾਪਨ) ਵਿਚ ਗ਼ਰਕ ਹੋਣੋਂ ਸਾਰਾ ਸੰਸਾਰ ਬਚਿਆ ਹੋਇਆ ਹੈ, ਐਸੇ—

ਗਰੀਬੀ ਗਦਾ ਹਮਾਰੀ ॥ ਖੰਨਾ ਸਗਲ ਰੇਨੁ ਛਾਰੀ ॥
ਇਸੁ ਆਗੈ ਕੋ ਨ ਟਿਕੈ ਵੇਕਾਰੀ ॥ ੧ ॥ ੮੦ ॥ [ਸੋਰਠਿ ਮ: ੫, ਪੰਨਾ ੬੨੮

ਵਾਲੀ ਬਿਵਸਥਾ ਦੇ ਗੁਰਮੁਖ ਗਰੀਬਾਂ, ਨਾਇ ਰਤੜੇ ਨਿਮਾਣਿਆਂ ਦੀ ਬਦੌਲਤ ਹੀ ਸਾਰਾ ਜਗ ਖਾਂਦਾ ਪੀਂਦਾ ਰਸਦਾ ਵਸਦਾ ਅਤੇ ਖੜਾ ਕਾਇਮ ਦਿਸਦਾ ਹੈ, ਜੈਸੇ ਕਿ ਗੁਰਵਾਕ ਹੈ—

ਨਾਨਕ ਤਿਨ ਕੀ ਬਰਕਤੀ ਸਭ ਜਗਤ ਖਾਇ ਜੋ ਰਤੇ ਹਰਿ ਨਾਇ ॥



www.AKJ.Org

ਪੁਨਾ— ਜੋ ਤੁਧੁ ਸਚੁ ਧਿਆਇਦੇ ਸੇ ਵਿਰਲੇ ਥੋੜੇ ॥
ਜੋ ਮਨਿ ਚਿਤਿ ਇਕੁ ਅਰਾਧਦੇ ਤਿਨ ਕੀ ਬਰਕਤਿ ਖਾਇ ਅਸੰਖ ਕਰੋੜੇ ॥੧੧॥
[ਗਉੜੀ ਕੀ ਵਾਰ, ਮ: ੪, ਪੰਨਾ ੩੦੬

ਐਸੇ ਗਰੀਬਾਂ, ਗੁਰਮੁਖ ਗਰੀਬਾਂ ਦੀ ਰਸਨਾ ਹੀ ਗੁਰੂ ਕੀ ਗੋਲਕ ਹੈ। ਐਸੇ ਹੀ ਗੁਰਮੁਖ ਗਰੀਬਾਂ ਨੂੰ ਜੇ "ਛਾਦਨ ਭੋਜਨ ਪਾਟ ਪਟੰਬਰ ਬਹੁ ਬਿਧਿ ਸਤਿ ਕਰਿ ਮੁਖਿ ਸੰਚਹੁ" ਤਾਂ "ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।"* ਇਹ ਗਰੀਬੀ ਕੰਗਾਲਤਾ ਨਹੀਂ, ਕਿੰਤੂ ਕੰਗਲਿਆਂ ਨੂੰ ਨਵ-ਨਿਧਾਨ ਉਪਜਾਉਣ-ਹਾਰੀ "ਗੁਰਮਤਿ ਰਿਦੈ ਗਰੀਬੀ" ਹੈ। ਜਿਥੇ ਜਿਸ ਰਿਦੇ ਵਿਖੇ ਏਸ ਗਰੀਬੀ ਦਾ ਵਾਸ ਹੈ, ਓਥੇ ਹਉਮੈ (ਬਿਪਤਾ, ਦਲਿਦਰ) ਦਾ ਨਾਸ ਹੈ। ਇਹਨਾਂ ਗਰੀਬਾਂ ਦੀ ਘਾਲ ਕਮਾਈ ਤੇ ਸੁਰਜੀਤ(ਪ੍ਰਚੁਰ ਹੋਏ)ਗੁਰੂ ਕੇ ਲੰਗਰ ਤੋਂ ਅਨੇਕ ਖੁਧਿਆਵੰਤ ਗਰੀਬ ਅਤੇ ਕਰੋੜਾਂ ਕੰਗਲੇ ਵਰਸਾਉਂਦੇ ਹਨ। ਹਉਮੈ ਹੈਂਕੜ ਵਾਲੇ ਕੰਗਲੇ ਭੀ ਏਸ ਲੰਗਰ ਤੋਂ ਵਰੋਸਾਏ ਜਾਣ ਕਰਕੇ ਗੁਰਮੁਖ ਰਿਦੇ ਗਰੀਬੀ ਵਾਲੇ ਹੋ ਜਾਂਦੇ ਹਨ। ਕਿਉਂਕਿ ਗੁਰੂ ਕੇ ਲੰਗਰ ਦੇ ਸੇਵਾਦਾਰ ਅਜਿਹੇ ਗੁਰਮੁਖ ਸਿੰਘ ਬਿਬੇਕੀ ਹੁੰਦੇ ਹਨ, ਜਿਨ੍ਹਾਂ ਨੇ ਆਪਣਾ ਆਪ ਸਭ ਨਛਾਵਰ ਕਰ ਕੇ, ਨਾਮ ਮਹਾਂ ਰਸ ਵਿਚ ਸੰਤੁਸ਼ਟਤਾ ਪਾਈ ਹੋਈ ਹੁੰਦੀ ਹੈ, ਓਹਨਾਂ ਦੇ ਨਿਕਟ ਸੰਸਾਰਕ ਪਦਾਰਥਾਂ ਦੀ ਤ੍ਰਿਸ਼ਨਾ ਕਾਮਨਾ ਫਟਕਣੀ ਨਹੀਂ ਪਾਉਂਦੀ। ਸਤ ਸੰਤੋਖ ਦੇ ਉਚ ਪਦ ਵਿਚ ਵਸਦੇ ਹੋਏ, ਲੋਭ-ਲਹਿਰ ਦੀ ਵਾਸ਼ਨਾ ਤੋਂ ਸਦਾ ਨਿਰਵਾਸ ਰਹਿੰਦੇ ਹਨ, ਨਿਸ਼ਕਾਮ ਸੇਵਾ ਓਹਨਾਂ ਦਾ ਨਿਮਰੀ ਅਹਾਰ ਹੁੰਦਾ ਹੈ। ਅਜਿਹੇ ਉਚ ਪਦ ਵਿਚ ਵਸਣ ਵਾਲੇ ਜਿਸ ਲੰਗਰ ਦੇ ਸੇਵਾਦਾਰ ਹੋਣ ਓਥੇ ਅਗੰਮੀ ਕਲਾ ਲੰਗਰ ਭੁੰਚਣਹਾਰਿਆਂ ਉਤੇ ਕਿਉਂ ਨ ਵਰਤੇ ? ਇਹੀ ਕਾਰਨ ਹੈ ਕਿ ਗੁਰੂ ਕੇ ਲੰਗਰ ਦੇ ਭੋਜਨ ਭੁੰਜਣਹਾਰਿਆਂ ਦੇ ਜੀਵਨ ਪਲਟ ਜਾਂਦੇ ਹਨ। ਇਹ ਕਲਾਧਾਰੀ ਗੁਰਮੁਖ ਗਰੀਬਾਂ ਦੀ ਸੇਵਾ ਘਾਲਣਾ ਦੇ ਕਾਰਨਾਮੇ ਹਨ। ਹੈਂਕੜ ਵਾਲਿਆਂ ਸਿਕਦਾਰਾਂ ਦੀ ਗੁਰੂ ਕੇ ਲੰਗਰ ਤੋਂ ਗਫੇ ਲਗਾਇਆਂ ਕਾਇਆਂ ਪਲਟ ਜਾਂਦੀ ਹੈ ਅਤੇ ਓਹਨਾਂ ਦੇ ਹੈਂਕੜ ਹੰਕਾਰ ਦੂਰ ਹੋ ਕੇ ਅੰਦਰ ਗਰੀਬੀ ਆ ਜਾਂਦੀ ਹੈ। ਇਸ ਬਿਧਿ ਰਿਦਾ ਸੁਧ ਹੋਣ ਕਰਿ ਓਹਨਾਂ ਦੇ ਅੰਤਰ ਆਤਮੇ ਸੁਧ ਪ੍ਰਮਾਤਮਾ ਦੀ ਝਲਕ ਵਜ ਸਕਦੀ ਹੈ। ਇਹੀ ਕਾਰਨ ਸੀ ਕਿ ਸ੍ਰੀ ਗੁਰੂ ਅਮਰ ਦੇਵ ਜੀ ਤੀਜੀ ਪਾਤਸ਼ਾਹੀ ਨੇ ਇਹ ਹੁਕਮ ਦੇ ਰਖਿਆ ਸੀ ਕਿ ਪਹਿਲਾਂ ਗੁਰੂ ਕੇ ਲੰਗਰ ਵਿਖੇ ਜਾ ਕੇ ਜੋ ਗਫੇ ਲਗਾਵੇਗਾ ਓਹੀ ਗੁਰੂ ਕੇ ਦੀਵਾਨ ਵਿਚ ਆ ਕੇ ਗੁਰੂ ਕਾ ਦਰਸ਼ਨ ਪਾਵੇਗਾ। ਪ੍ਰਕਾਸ਼ ਰੂਪ ਪ੍ਰਮਾਤਮਾ ਜੋਤਿ ਬਿਗਾਸ ਗੁਰੂ ਕੇ ਦਰਸ਼ਨਾਂ ਦਾ ਅਕਸ ਸੁਧ ਰਿਦੇ, ਗੁਰਮੁਖ ਗਰੀਬੀ ਵਾਲੇ ਰਿਦੇ ਵਿਚ ਹੀ ਪੈ ਸਕਦਾ ਹੈ। ਅੰਮ੍ਰਿਤ ਨਾਮ ਦਾ ਨਿਸ਼ਾਨ ਇਹ ਗੁਰਮੁਖ-ਗਰੀਬੀ ਹੈ। ਨਾਮ ਦੇ ਨਿਧਾਨ ਨੂੰ ਉਪਜਾਉਣ ਪ੍ਰਾਪਤ ਕਰਾਉਣ-ਹਾਰੀ ਇਹ ਗਰੀਬੀ ਹੈ। ਤਾਹੀਓਂ ਤਾਂ ਇਸ ਦਾ ਨਾਮ ਨਉ-ਨਿਧਿ-ਨਾਮ-ਗਰੀਬੀ ਹੈ। ਇਹੋ ਨਉਨਿਧਿ ਨਾਮ ਗਰੀਬੀ ਦੀ ਦਾਤਿ ਇਲਾਹੀ ਹੈ ਜੋ ਸਚਖੰਡ ਪਹੁੰਚ ਕੇ ਗੁਰੂ ਬਾਬੇ ਨੇ ਪਾਈ ਹੈ। ਅਤੇ ਗੁਰਸਿਖਾਂ ਦੇ ਗੁਰਮੁਖ ਪੰਥ ਵਿਚ ਆਨ ਵਰਤਾਈ ਹੈ। ਵਾਕ ਭਾਈ ਗੁਰਦਾਸ ਜੀ—

ਬਾਬਾ ਪੈਧਾ ਸਚ ਖੰਡਿ ਨਉ ਨਿਧਿ ਨਾਮੁ ਗਰੀਬੀ ਪਾਈ ॥੨੪॥ (੧)

ਤਥਾ— ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥੪॥(੧੨)

ਸੋ ਆਪਾ ਅਰਪਨ ਦਾ ਉਤਮ ਫਲ ਇਹੀ ਗਰੀਬੀ ਹੈ ਅਤੇ ਗੁਰਮਤਿ ਦਾਨ ਦਾ ਉਤਮ ਅੰਗ ਆਪਾ ਅਰਪਨ ਹੈ। ਜਿਸ ਨੇ ਆਪਾ ਅਰਪ ਦਿਤਾ, ਉਸ ਨੇ ਸਭ ਕੁਝ ਅਰਪ ਦਿਤਾ; ਤਨ ਭੀ, ਮਨ ਭੀ ਅਤੇ ਧਨ ਭੀ। ਏਸੇ ਆਪਾ ਅਰਪਨ,ਆਪਾ ਤਜਣ ਦਾ ਗੁਰਮਤਿ ਦਾਨ ਬਿਬੇਕ ਧਾਰਨ ਕਰਕੇ ਇਹ ਗੁਰਮਤਿ ਦੇ ਬਿਬੇਕੀ ਭਗਤ ਜਨਾਂ ਦੀ ਰਹਿਣੀ ਬਹਿਣੀ ਚਾਲ ਨਿਰਾਲੀ ਹੈ। ਜੈਸਾ ਕਿ ਅਨੰਦ ਸਾਹਿਬ ਦੀ ੧੪ਵੀਂ ਪਉੜੀ ਦਾ ਗੁਰਮਤਿ ਭਾਵ ਹੈ। ਯਥਾ— ਭਗਤਾ ਕੀ ਚਾਲ ਨਿਰਾਲੀ ॥

*ਮਲਾਰ ਮਹਲਾ ੪, ਪੰਨਾ ੧੨੬੪



www.AKJ.Org

ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ ॥
ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ ॥
ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥ (੯੧੮)

ਇਸ ਗੁਰਵਾਕ ਰੂਪੀ ਹੁਕਮ ਤੋਂ ਵਿਦਤ ਹੈ ਕਿ ਲਬ ਲੋਭ ਹੰਕਾਰ ਅਤੇ ਤ੍ਰਿਸ਼ਨਾ ਦੇ ਤਜਣ ਤਿਆਗਣ ਤੋਂ ਆਪਾ ਤਜਣ ਤਿਆਗਣ ਦਾ ਗੁਰਮਤਿ ਦਾਨ ਬਿਬੇਕ ਬਣ ਆਉਂਦਾ ਹੈ। ਐਥੋਂ ਤਕ ਕਿ ਇਸ ਗੁਰਮਤਿ ਆਪਾ ਤਿਆਗ ਦੇ ਦਾਨ ਅਰਪਨ ਕਰਮ ਬਿਬੇਕ ਅੰਦਰਿ–

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ ॥੩॥ [ਸੂਹੀ ਮ: ੫ ਗੁਣਵੰਤੀ, ੭੬੩

ਗੁਰਵਾਕ ਦੇ ਭਾਵ ਅਨੁਸਾਰ ਗੁਰੂ ਦਰਸਾਏ ਹੁਕਮਾਂ ਤੋਂ ਫ਼ਾਲਤੂ ਬੋਲ ਬੋਲਣ ਦੀ ਭੀ ਜਾ ਨਹੀਂ। ਇਕੋ ਹਰੀ ਨਾਮ ਦੀ ਵਾਸ਼ਨਾ ਹੀ, ਗੁਰਮਤਿ ਬਿਬੇਕ ਅਨੁਸਾਰੀ ਦਾਨੀਆਂ (ਆਪਾ ਦਾਨ ਕਰਨ-ਹਾਰਿਆਂ) ਦੇ ਅੰਤਰ ਆਤਮੇ ਸਮਾ ਜਾਂਦੀ ਹੈ। ਨਾਮ ਵਾਸ਼ਨਾ ਸੰਦੀ ਪ੍ਰਮਾਰਥੀ ਵਾਸ਼ਨਾ ਤੋਂ ਛੁਟ ਦੂਤੀ ਹੋਰ ਹਰ ਪ੍ਰਕਾਰੀ ਵਾਸ਼ਨਾ ਭੀ ਅਰਪ ਦੇਣੀ ਪੈਂਦੀ ਹੈ। ਇਹ ਮਨ ਅਰਪਨ ਦਾ ਪੂਰਨ ਦਾਨ ਹੈ। ਸੋ–

ਇਹੁ ਤਨੁ ਵੇਚੀ ਬੈ ਕਰੀ ਜੇ ਕੋ ਲਏ ਵਿਕਾਇ ॥
ਨਾਨਕ ਕੰਮਿ ਨ ਆਵਈ ਜਿਤੁ ਤਨਿ ਨਾਹੀ ਸਚਾ ਨਾਉ ॥੭॥ [ਸੂਹੀ ਮ: ੧–੭੩੦

ਦੇ ਪੂਰਨ ਤਨ ਅਰਪਨੀ ਦਾਨ ਦੇ ਨਾਲ–

ਮਨੁ ਅਰਪਉ ਧਨੁ ਰਾਖਉ ਆਗੈ ਮਨ ਕੀ ਮਤਿ ਮੋਹਿ ਸਗਲ ਤਿਆਗੀ ॥ [ਗਉੜੀ ਮ: ੫–੨੦੪

ਦਾ ਪੂਰਨ ਮਨ-ਅਰਪਨੀ ਤੇ ਆਪਾ-ਧਨ -ਵਾਰਨੀ ਦਾਨ ਜੁੜਦਾ ਹੈ, ਤਦ ਪੂਰਨ ਆਪਾ ਅਰਪਨੀ ਗੁਰਮਤਿ ਬਿਬੇਕ ਦਾਨ ਬਣਦਾ ਹੈ।

['ਗੁਰਮਤਿ ਬਿਬੇਕ' ਪੁਸਤਕ ਵਿਚੋਂ

---

[ਸਫ਼ਾ ੧੧ ਦੀ ਬਾਕੀ]

ਸਾਹਿਬ ਪਟਨਾ ਕੀਰਤਨ ਰਾਹੀਂ ਹਾਜ਼ਰੀ ਭਰੀ। ਪਟਨਾ ਸਾਹਿਬ ਤੋਂ ਅਗੇ ਦਾ ਪ੍ਰੋਗਰਾਮ ਬਣਾ ਕੇ ਜਥਾ ਚੁੰਗਥਾਂਗ ਪੁਜਾ। ਏਥੇ ਜਥੇ ਨੇ ਇਕ ਰਾਤ ਹੀ ਵਿਸਰਾਮ ਕੀਤਾ। ਅੰਮ੍ਰਿਤ ਵੇਲੇ ਦੇ ਨਿਤਨੇਮ ਤੇ ਆਸਾ ਦੀ ਵਾਰ ਦੇ ਕੀਰਤਨ ਕਰ ਕੇ ਲਾਹੇ ਪ੍ਰਾਪਤ ਕੀਤੇ। ੪ ਦਸੰਬਰ ੧੯੮੧ ਨੂੰ ਜਥਾ ਚੁੰਗਥਾਂਗ ਤੋਂ ਚਾਲੇ ਪਾ ਕੇ ਸ਼ਾਮ ਤਕ ਗੈਂਗਟਾਕ ਪੁਜਾ ਸੀ।

ਚੁੰਗਥਾਂਗ ਆਸਾਮ ਰਾਈਫਲਜ਼ (Assam Rifles) ਦੇ ਯੂਨਿਟ ਵਿਚ ਸੂਬੇਦਾਰ ਮੇਜਰ ਗਿਆਨ ਸਿੰਘ ਭੁਲਰ (G. S. Bhullar) ਹਨ, ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਉਸਾਰੀ ਤੇ ਪਰਬੰਧ ਵਿਚ ਬਹੁਤ ਹਿੱਸਾ ਪਾਇਆ ਹੈ। ਉਪਰ ਲਿਖੇ ਇਤਿਹਾਸ ਦੀ ਜਾਣਕਾਰੀ ਦਾਸ ਨੂੰ ਸੂਬੇਦਾਰ ਮੇਜਰ ਗਿਆਨ ਸਿੰਘ ਭੁਲਰ ਤੇ ਸੂਬੇਦਾਰ ਮੇਜਰ ਮੇਵਾ ਸਿੰਘ (ਸਿਲੀਗੁੜੀ) ਤੋਂ ਹੀ ਪ੍ਰਾਪਤ ਹੋਈ ਹੈ। ਉਨ੍ਹਾਂ ਵਲੋਂ ਸਿਖ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਚੁੰਗਥਾਂਗ ਦੇ ਇਤਿਹਾਸਿਕ ਅਸਥਾਨ ਦੇ ਦਰਸ਼ਨਾਂ ਲਈ ਸਿੰਘਾਂ ਨੂੰ ਜ਼ਰੂਰ ਹੀ ਸਿਕਿਮ ਆਉਣਾ ਚਾਹੀਦਾ ਹੈ। ਓਹ ਇਹ ਭੀ ਚਾਹੁੰਦੇ ਹਨ ਕਿ ਜੇਕਰ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਗੁਰਦੁਆਰਾ ਸਾਹਿਬ ਨੂੰ ਆਪਣੇ ਪ੍ਰਬੰਧ ਹੇਠ ਲੈ ਲਵੇਂ ਤਾਂ ਇਸ ਦੀ ਸੇਵਾ-ਸੰਭਾਲ ਅਛੀ ਹੋ ਸਕੇਗੀ।

ਸੂਬੇਦਾਰ ਮੇਜਰ ਮੇਵਾ ਸਿੰਘ (ਜੋ ਅਖੰਡ ਕੀਰਤਨੀ ਜਥੇ ਦੇ ਸਿੰਘ ਹਨ) ਰਾਹੀਂ ਪਤਾ ਲਗਾ ਹੈ ਕਿ ਗੈਂਗਟਾਕ ਤੋਂ ੧੦–੧੨ ਕਿਲੋ ਮੀਟਰ ਪਿਛੇ, ਸਿਲੀਗੁੜੀ ਤੋਂ ਆਉਣ ਵਾਲੀ ਸੜਕ ਦੇ ਪੱਛਮ ਵਲ ਇਕ

[ਬਾਕੀ ਦੇਖੋ ਸਫ਼ਾ ੪ ਦੇ ਹੇਠ]



www.AKJ.Org

# ਗੁਰਦੁਆਰਾ ਨਾਨਕ ਲਾਮਾ ਚੁੰਗਥਾਂਗ (ਨਾਰਥ ਸਿਕਿਮ)

[ਭਾਈ ਮੇਹਰ ਸਿੰਘ ਜੀ, ਨਵੀਂ ਦਿਲੀ]

ਗੈਂਗਟਾਕ (Gangtok), ਸਿਕਿਮ (Sikkim) ਸਟੇਟ ਦੀ ਰਾਜਧਾਨੀ ਹੈ, ਜੋ ਸਿਲੀਗੁਰੀ (ਵੈਸਟ ਬੰਗਾਲ) ਰੇਲਵੇ ਸਟੇਸ਼ਨ ਤੋਂ ੯੫ ਕਿਲੋ ਮੀਟਰ ਦੀ ਦੂਰੀ ਤੇ ਹੈ। ਸਿਲੀਗੁਰੀ ਤੋਂ ਗੈਂਗਟਾਕ ਜਾਣ ਲਈ ਕੋਈ ਰੇਲਵੇ ਲਾਈਨ ਨਹੀਂ, ਉਥੇ ਪੁਜਣ ਦਾ ਸਾਧਨ ਕੇਵਲ ਸੜਕ ਰਾਹੀਂ ਹੀ ਹੈ। ਸਿਕਿਮ ਨੈਸ਼ਨਲਾਈਜ਼ਡ ਟਰਾਂਸਪੋਰਟ (Sikkim Nationalised Transport) ਜਾਂ ਪ੍ਰਾਈਵੇਟ ਟਰਾਂਸਪੋਰਟ ਕੰਪਨੀ ਦੀਆਂ ਬਸਾਂ ਆਮ ਚਲਦੀਆਂ ਹਨ। ਕਰਾਇਆ ਤਕਰੀਬਨ ੨੦ ਰੁਪਏ ਹੈ ਤੇ ਸਫਰ ੫ ਘੰਟੇ ਦਾ।

ਚੁੰਗਥਾਂਗ (Chungthang) ਇਕ ਛੋਟਾ ਪਹਾੜੀ ਪਿੰਡ ਹੈ, ਜੋ ਗੈਂਗਟਾਕ (Gangtok) ਤੋਂ ਉਤਰ ਵਲ, ੯੫ ਕਿਲੋ ਮੀਟਰ ਦੂਰ ਹੈ। ਚੁੰਗਥਾਂਗ ਜਾਣ ਲਈ ਗੈਂਗਟਾਕ ਤੋਂ ਕੇਵਲ ਇਕ ਬਸ ਰੋਜ਼ ਸਵੇਰੇ ਚਲਦੀ ਹੈ, ਜੋ ਤਕਰੀਬਨ ੬ ਘੰਟੇ ਲੈਂਦੀ ਹੈ ਤੇ ੮ ਰੁਪਏ ਕਿਰਾਇਆ ਹੈ। ਗੈਂਗਟਾਕ ਤੋਂ ਨਾਰਥ ਸਿਕਿਮ ਜਾਣ ਲਈ ਗਵਰਨਰ ਤੋਂ ਪਾਸ (ਪਰਮਿਟ) ਲੈਣਾ ਪੈਂਦਾ ਹੈ (ਚੁੰਗਥਾਂਗ ਨਾਰਥ ਸਿਕਿਮ ਵਿਚ ਹੀ ਪੈਂਦਾ ਹੈ)। ਚੁੰਗਥਾਂਗ ਪਿੰਡ ੨੫ ਤੋਂ ੩੦ ਏਕੜ ਦੀ ਪਧਰੀ ਧਰਤੀ ਤੇ ਸਥਾਪਿਤ ਹੈ। ਤਿੰਨ ਵਡੀਆਂ ਰਮਣੀਕ ਪਹਾੜੀਆਂ ਤੇ ਦੋ ਵਗਦੇ ਦਰਿਆਵਾਂ ਨਾਲ ਘਿਰਿਆ ਹੋਇਆ ਹੈ। ਇਹ ਦੋਨੋਂ ਦਰਿਆ ਅਗੇ ਜਾ ਕੇ ਇਕ ਹੋ ਜਾਂਦੇ ਹਨ, ਜਿਸਦਾ ਨਾਂ ਤੀਸਤਾ (Teesta) ਦਰਿਆ ਹੈ।

ਤੀਸਤਾ ਦਰਿਆ ਉਤਰੀ ਸਿਕਿਮ ਵਿਚੋਂ ਵਗਦਾ, ਦਖਣੀ ਸਿਕਿਮ ਵਿਚੋਂ ਲੰਘਦਾ ਹੋਇਆ ਉਤਰੀ ਬੰਗਾਲ ਸਿਲੀਗੁਰੀ ਦੇ ਨਾਲ ਦੀ ਹੋ ਕੇ ਜਲਪਾਈਗੁਰੀ ਜ਼ਿਲੇ ਥਾਣੀਂ ਅਗੇ ਗੰਗਾ ਵਿਚ ਜਾ ਮਿਲਦਾ ਹੈ। ਏਥੋਂ ਦੋ ਰਸਤੇ ਹਿਮਾਲੀਆ ਪਰਬਤ (੧੬,੦੦੦ ਤੋਂ ੨੦,੦੦੦ ਫੁਟ ਬੁਲੰਦੀ) ਥਾਣੀਂ ਤਿਬਤ ਲਈ ਜਾਂਦੇ ਹਨ।

**ਪ੍ਰਗਟ ਭਈ ਸਗਲੇ ਜੁਗ ਅੰਤਰਿ**
**ਗੁਰ ਨਾਨਕ ਕੀ ਵਡਿਆਈ**

ਚੁੰਗਥਾਂਗ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਚਰਨਾਂ ਦੀ ਛੁਹ ਪ੍ਰਾਪਤ ਹੈ। ਕਹਿੰਦੇ ਹਨ ਕਿ ਗੁਰੂ ਸਾਹਿਬ ਜੀ ਚੀਨ ਤੇ ਤਿੱਬਤ ਨੂੰ ਜਾਂਦੇ ਹੋਏ ਅਖ਼ੀਰਲੀ ਤੇ ਚੌਥੀ ਉਦਾਸੀ ਵਿਚ ਆਸਾਮ ਤੋਂ ਮੁੜਦੇ ਹੋਏ ਸਿਕਿਮ ਪੁਜੇ ਤੇ ਰਾਤ ਗੈਂਗਟਾਕ ਬਿਸਰਾਮ ਕੀਤਾ। ਏਥੋਂ ਨਾਰਥ ਈਸਟ (North east) ਵਲ ਚਾਲੇ ਪਾਏ ਤੇ ਭੂਟਾਨ ਹੁੰਦੇ ਹੋਏ ਯੁਮਥਾਂਗ (Yumthang) ਪੁਜੇ। ਇਹ ਅਸਥਾਨ ੧੭,੦੦੦ ਫ਼ੁਟ ਦੀ ਉਚਾਈ ਤੇ ਬਰਫ਼ ਨਾਲ ਘਿਰਿਆ ਹੋਇਆ ਹੈ। ਏਥੇ ਗਰਮ ਪਾਣੀ ਦਾ ਇਕ ਚਸ਼ਮਾ ਹੈ, ਜਿਸ ਵਿਚ ਲੋਕਲ ਤੇ ਦੇਸੀ, ਵਿਦੇਸੀ ਯਾਤਰੂ ਇਸ਼ਨਾਨ ਕਰ ਕੇ ਅਨੰਦ ਮਾਣਦੇ ਹਨ। ਬਾਹਰੋਂ ਆਉਣ ਵਾਲੇ ਯਾਤਰੂਆਂ ਲਈ ਸਿਕਿਮ ਸਰਕਾਰ ਨੇ ਇਕ ਛੋਟਾ ਜਿਹਾ ਇਨਸਪੈਕਸ਼ਨ (Inspection) ਬੰਗਲਾ ਭੀ ਬਣਾਇਆ ਹੈ। ਏਥੋਂ ਗੁਰੂ ਸਾਹਿਬ ਚੁੰਗਥਾਂਗ ਪੁਜੇ ਤੇ ੬੦੦੦ ਫੁਟ ਦੀ ਉਚਾਈ ਤੇ ਵਸਦੇ ਇਸ ਨਗਰ ਵਿਚ ਦੋ ਰਾਤਾਂ ਵਿਸਰਾਮ ਕੀਤਾ। ਇਸ ਪਿੰਡ ਵਿਚ ੩੦ ਫੁਟ ਘੇਰਾ (Diameter) ਤੇ ੨੦ ਫੁਟ ਉਚਾ ਇਕ ਵਡਾ ਪਹਾੜ (ਪੱਥਰੀ) ਹੈ, ਜੋ ਕਿ ਪਧਰੀ ਜ਼ਮੀਨ ਤੇ ਤਿੰਨ ਪਰਬਤਾਂ ਤੇ ਦੋ ਦਰਿਆਵਾਂ ਨਾਲ ਘਿਰਿਆ ਹੋਇਆ ਹੈ। ਕਹਿੰਦੇ ਹਨ ਕਿ ਜਦੋਂ ਗੁਰੂ ਨਾਨਕ ਸਾਹਿਬ ਜੀ ਚੁੰਗਥਾਂਗ ਨੂੰ ਆ ਰਹੇ ਸਨ ਤਾਂ ਰਸਤੇ ਵਿਚ ਇਕ ਅਸੁਰ ਬੇਤਾਲ ਬੁਧੀ (ਰਾਕਸ਼ਿਸ਼) ਮਹਾਰਾਜ ਨੂੰ ਤੇ ਮਰਦਾਨੇ ਨੂੰ ਰੋਕਣ ਲਗਾ। ਗੁਰੂ ਮਹਾਰਾਜ ਨੇ ਆਪਣੇ ਹੱਥ ਵਿਚ ਫੜੀ ਇਕ ਖੂੰਡੀ ਨਾਲ ਇਕ ਪਾਸੇ ਹਟ ਜਾਣ ਤੇ ਰਸਤਾ ਛਡ ਦੇਣ ਦਾ ਇਸ਼ਾਰਾ ਕੀਤਾ। ਉਸ ਖੂੰਡੀ ਦੇ ਇਸ਼ਾਰੇ ਵਿਚ ਏਡੀ ਵਡੀ ਤਾਕਤ ਤੇ ਤੂਫਾਨ ਸੀ ਕਿ ਰਾਕਸ਼ਿਸ਼ ਇਕ ਪਾਸੇ ਇਕ ਪੱਥਰ ਵਿਚ ਧਸ ਗਿਆ (ਇਹ ਪੱਥਰ ਅਜ ਕਲ



www.AKJ.Org

ਚੁੰਗਥਾਂਗ ਗੁਰਦੁਆਰਾ ਸਾਹਿਬ ਵਿਚ ਮੌਜੂਦ ਹੈ ਤੇ ਇਸ ਵਿਚ ਧਸ ਜਾਣ ਵਾਲਾ ਨਿਸ਼ਾਨ ਭੀ ਹੈ)। ਕਹਿੰਦੇ ਹਨ ਕਿ ਉਹ ਰਾਕਸ਼ਿਸ਼ ਘਾਬਰ ਕੇ ਚੁੰਗਥਾਂਗ ਅਸਥਾਨ ਦੇ ਉਤਰ ਵਲ ਇਕ ਉਚੀ ਪਹਾੜੀ ਤੇ ਚੜ੍ਹ ਗਿਆ। ਗੁਰੂ ਨਾਨਕ ਸਾਹਿਬ ਜੀ ਚੁੰਗਥਾਂਗ ਦੀ ਖੁਲ੍ਹੀ ਜਗ੍ਹਾ, ਜਿਥੇ ਹੁਣ ਗੁਰੂ ਕਾ ਨਿਸ਼ਾਨ ਝੂਲਦਾ ਹੈ, ਜ਼ਮੀਨ ਤੇ ਆ ਬੈਠੇ ਤੇ ਲਗੇ ਜਸ ਕੀਰਤਨ ਗਾਇਨ ਕਰਨ। ਉਸ ਰਾਕਸ਼ਿਸ਼ ਨੇ ਗੁੱਸੇ ਵਿਚ ਵਲੀ ਕੰਧਾਰੀ ਵਾਂਗ ਇਕ ਬਹੁਤ ਬੜਾ ਪੱਥਰ ਇਥੇ ਕੀਰਤਨ-ਮੰਡਲ ਵਲ ਸੁਟਿਆ। ਪੱਥਰ ਦੀ ਖ਼ਤਰਨਾਕ ਖੜਕਾਰ ਸੁਣ ਕੇ ਮਰਦਾਨਾ ਕੁਝ ਘਾਬਰਿਆ। ਗੁਰੂ ਸਾਹਿਬ ਨੇ ਇਹ ਕਹਿ ਕੇ ਕਿ ਇਹ ਤਾਂ ਸਾਡੇ ਲਈ ਗਿੱਲੀ ਜਗ੍ਹਾ ਵਿਚ ਬੈਠਣ ਲਈ ਆਸਣ ਆ ਰਿਹਾ ਹੈ, ਮਰਦਾਨੇ ਨੂੰ ਤਸੱਲੀ ਦਿਤੀ। ਇਹ ਪੱਥਰ ਠੀਕ ਗੁਰੂ ਸਾਹਿਬ ਦੇ ਚਰਨਾਂ ਲਾਗੇ ਆ ਡਿੱਗਾ। ਗੁਰੂ ਸਾਹਿਬ ਨੇ ਆਖਿਆ ਆਉ ਭਾਈ ਇਸ ਸੁੱਕੇ ਤੇ ਨਰਮ (ਪੱਥਰ) ਆਸਣ ਤੇ ਬੈਠਦੇ ਹਾਂ। ਜਦੋਂ ਗੁਰੂ ਸਾਹਿਬ ਨੇ ਪੱਥਰ ਤੇ ਚੜ੍ਹਨਾ ਸ਼ੁਰੂ ਕੀਤਾ ਤਾਂ ਪੱਥਰ ਇਨਾ ਮੋਮ ਹੋ ਗਿਆ ਕਿ ਚਰਨ ਚੁੰਮ ਚੁੰਮ ਕੇ ਆਪਣੀ ਛਾਤੀ ਤੇ ਚਰਨਾਂ ਦੇ ਨਿਸ਼ਾਨ ਬਣਾ ਲੀਤੇ। ਉਹ ਨਿਸ਼ਾਨ ਅਜੇ ਤਕ ਇਸ ਪੱਥਰ ਤੇ ਲਗੇ ਨਜ਼ਰ ਆਂਦੇ ਹਨ। ਜਿਵੇਂ ਪੰਜਾ ਸਾਹਿਬ ਵਿਖੇ ਗੁਰੂ ਜੀ ਦੇ ਹਸਤ-ਕਮਲ ਦਾ ਨਿਸ਼ਾਨ ਹੈ, ਤਿਵੇਂ **ਚੁੰਗਥਾਂਗ ਵਿਖੇ ਚਰਨ ਕਮਲਾਂ ਦੇ ਨਿਸ਼ਾਨ ਹਨ**। ਇਹ ਤਿੰਨ ਨਿਸ਼ਾਨ ੩ ਤੋਂ ੫ ਫੁਟ ਦੀ ਵਿਥ ਤੇ ਹਨ। ਉਸ ਸਮੇਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਕੀਰਤਨ ਰਾਹੀਂ ਖਿੱਚੀਆਂ ਰੂਹਾਂ ਆ ਇਕਤ੍ਰ ਹੋਈਆਂ, ਜਿਨ੍ਹਾਂ ਨੇ ਗੁਰੂ ਸਾਹਿਬ ਦੇ ਛਕਣ ਲਈ ਬੇਅੰਤ ਪਦਾਰਥ ਭੇਟ ਕੀਤੇ। ਮਰਦਾਨੇ ਨੇ ਜਲ ਛਕਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਸਾਹਿਬ ਨੇ ਇਸੇ ਪੱਥਰ ਵਿਚੋਂ ਹੀ ਇਕ ਬਾਰੀ ਰਾਹੀਂ ਜਲ ਦਾ ਝਰਨਾ ਪਰਗਟ ਕੀਤਾ, ਜਿਸ ਜਲ ਨੂੰ ਸਮੂਹ ਸੰਗਤਾਂ ਨੇ ਛਕਿਆ। ਅਜ ਵੀ ਇਸ ਜਲ-ਝਰੋਖੇ ਦੀ ਇਹ ਵਿਸ਼ੇਸ਼ਤਾ ਹੈ ਕਿ ਜਿਨਾ ਮਰਜੀ ਜਲ ਵਰਤ ਲਵੋ, ਮੁਕਦਾ ਨਹੀਂ। ਤੇ ਜੇਕਰ ਜਲ ਕਢੋ ਤੇ ਛਲਕਦਾ ਬਾਹਰ ਨੂੰ ਭੀ ਨਹੀਂ ਵਗਦਾ। ਕਹਿੰਦੇ ਹਨ ਕਿ ਗੁਰੂ ਸਾਹਿਬ ਨੇ ਇਸ ਪੱਥਰ ਤੇ ਬਹਿ ਕੇ ਕੇਲੇ ਦੇ ਪੱਤਿਆਂ ਦੀ ਪਤਲ ਵਿਚ ਚਾਵਲ ਭੀ ਛਕੇ। ਪਿੰਡ ਦੇ ਵਸਨੀਕਾਂ, ਜਿਨ੍ਹਾਂ ਨੂੰ ਲਾਮਾ (Lamas) ਕਹਿੰਦੇ ਹਨ, ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਇਸ ਪਿੰਡ ਵਿਚ ਚਾਵਲ ਕਦੇ ਭੀ ਪੈਦਾ ਨਹੀਂ ਹੁੰਦਾ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਤਲ ਵਿਚੋਂ ਚਾਵਲ ਪ੍ਰਸ਼ਾਦ ਲੈ ਕੇ ਕੁਝ ਦਾਣੇ ਇਸ ਧਰਤੀ ਦੇ ਚਾਰੋਂ ਪਾਸੇ ਸੁਟ ਦਿਤੇ ਤੇ ਫੁਰਮਾਇਆ ਕਿ ਇਸ ਪੱਥਰ ਦੇ ਇਰਦ ਗਿਰਦ ਚਾਵਲ ਪੈਦਾ ਹੋਇਆ ਕਰਨਗੇ। ਉਸ ਸਮੇਂ ਤੋਂ ਬਾਅਦ ਚੁੰਗਥਾਂਗ ਇਕ ਅਜਿਹੀ ਜਗ੍ਹਾ ਹੈ ਜਿਸ ਦੇ ੧੦੦ ਮੀਲ ਦੇ ਦਾਇਰੇ ਵਿਚ ਚਾਵਲ ਦੀ ਫਸਲ ਖ਼ੂਬ ਹੁੰਦੀ ਹੈ। ਗੁਰੂ ਸਾਹਿਬ ਦੀ ਇਸ ਬਖਸ਼ਿਸ਼ (ਦੇਣ) ਨੂੰ ਏਥੋਂ ਦੇ ਵਸਨੀਕ ਲਾਮੇ ਹਮੇਸ਼ਾ ਚੇਤੇ ਰਖਦੇ ਹਨ। ਇਹ ਗੁਰੂ ਸਾਹਿਬ ਦੇ ਸ਼ਰਧਾਲੂ ਤੇ ਪੁਜਾਰੀ ਹਨ। ਇਹ ਸਿਖ ਲਾਮੇ ਖੁਲ੍ਹਾ ਦਾੜ੍ਹਾ ਰਖਦੇ ਹਨ, ਸਿਰ ਤੇ ਕੇਸ ਹਨ ਤੇ ਪਿਛੇ ਕੇਸਾਂ ਦੀ ਇਕ ਗੁੱਤ ਹੈ। ਜੋ ਸਿਖ ਲਾਮਾ ਚੁੰਗਥਾਂਗ ਵਿਚ ਅਜ ਕਲ ਰਹਿੰਦਾ ਹੈ, ਉਹ ਦਿੱਲੀ ਦੇ ਅਖੰਡ ਕੀਰਤਨੀ ਜਥੇ ਨੂੰ ਦਸੰਬਰ ੯੨ ਦੀ ਯਾਤ੍ਰਾ ਦੇ ਦੌਰਾਨ ਵਿਚ ਮਿਲਿਆ ਤੇ 'ਵਾਹਿਗੁਰੂ ਜੀ ਕਾ ਖਾਲਸਾ—ਵਾਹਿਗੁਰੂ ਜੀ ਕੀ ਫਤਹ' ਗਜ ਕੇ ਬੁਲਾਈ।

ਜਿਸ ਪੱਥਰ ਤੇ ਗੁਰੂ ਸਾਹਿਬ ਦੇ ਚਰਨਾਂ ਦੇ ਨਿਸ਼ਾਨ ਹਨ, ਇਸਦੇ ਇਕ ਪਾਸੇ ਬੈਜਵੀ ਸ਼ਕਲ ਦੀ ਇਕ ਲਕੀਰ ਨਜ਼ਰ ਆਂਦੀ ਹੈ, ਜਿਸਦਾ ਘੇਰਾ (Diameter) ੨ ਫੁਟ ਦੇ ਲਗ ਪਗ ਹੈ। ਓਸ ਲਕੀਰ ਦੇ ਉਤਲੇ ਪਾਸੇ "ਹੂੰਮ" (ਭਾਵ ਓਮ ਜਾਂ ੧ਓ) ਲਿਖਿਆ ਹੋਇਆ ਹੈ। ਦਸਦੇ ਹਨ ਕਿ ਇਸ ਪੱਥਰ ਨੂੰ "ਗੁਰੂ ਸਾਹਿਬ ਟੈਂਟ" ਭੀ ਆਖਦੇ ਹਨ। ਕਿਉਂਕਿ ਇਹ ਜੋ ਲਕੀਰ ਨਜ਼ਰ ਆਂਦੀ ਹੈ, ਇਹ ਇਸਦੇ ਅੰਦਰ ਜਾਣ ਲਈ ਦਰਵਾਜੇ ਦਾ ਬੂਹਾ ਹੈ। ਇਸ ਗੁਫਾ ਵਿਚ ਗੁਰੂ ਸਾਹਿਬ ਦੀਆਂ ਕੁਝ ਨਿਸ਼ਾਨੀਆਂ ਤੇ ਖੜਾਵਾਂ ਹਨ। ਇਹ ਨਿਸ਼ਾਨੀਆਂ ਕਿਸੇ ਸ਼ਕਤੀ ਵਾਲੇ ਲਾਮਾ ਨੇ ਸੰਭਾਲ ਰਖਣ ਲਈ ਆਪਣੀ ਸ਼ਕਤੀ ਭਗਤੀ ਨਾਲ ਬੰਦ ਕਰ ਕੇ ਰਖੀਆਂ ਹੋਈਆਂ ਹਨ। ਕਹਿੰਦੇ ਹਨ ਕਿ ਜਦੋਂ ਇਸ ਅਸਥਾਨ ਦੀ ਕੋਈ ਯੋਗ ਸੰਭਾਲ ਕਰਨ ਵਾਲਾ ਆਵੇਗਾ



www.AKJ.Org

ਤਾਂ ਫੇਰ ਇਸ ਇਲਾਕੇ ਦਾ ਬੜਾ ਮਹਾਂ ਪੁਰਸ਼ ਇਸਨੂੰ ਖੋਲ੍ਹੇਗਾ ਤੇ ਅੰਦਰ ਪਈਆਂ ਵਸਤੂਆਂ ਦੇ ਦਰਸ਼ਨ ਹੋਣਗੇ। ਜਿਸ ਪਵਿਤਰ ਪੱਥਰ ਉਤੇ ਬੈਠ ਕੇ ਗੁਰੂ ਨਾਨਕ ਸਾਹਿਬ ਕੀਰਤਨ ਤੇ ਉਪਦੇਸ਼ ਕਰਦੇ ਸਨ, ਓਥੇ ਹੁਣ ਕੇਸਰੀ ਨਿਸ਼ਾਨ ਭੀ ਝੂਲਦਾ ਹੈ। ਇਸ ਪੱਥਰ ਦੇ ਪਿਛੇ ਕੋਈ ੫੦ ਗਜ਼ ਦੇ ਫ਼ਾਸਲੇ ਤੇ ਗੁਰੂ ਮਹਾਰਾਜ ਦੀ ਹਥ ਫੜੀ ਓਹ ਖੂੰਡੀ, ਜਿਸ ਨਾਲ ਰਾਖਸ਼ਿਸ਼ ਨੂੰ ਦੂਰ ਹਟਣ ਲਈ ਇਸ਼ਾਰਾ ਕੀਤਾ ਸੀ, ਗਡ ਦਿਤੀ ਸੀ। ਇਹ ਖੂੰਡੀ ਇਕ ਬਿਰਛ ਦੀ ਸ਼ਕਲ ਵਿਚ ਅਜੇ ਭੀ ਮੌਜੂਦ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਪਵਿਤਰ ਯਾਦ ਵਿਚ ਸਥਾਨਿਕ ਲਾਮਿਆਂ ਨੇ ਇਕ ਛੋਟਾ ਜਿਹਾ ਗੁਰਦੁਆਰਾ ਸਾਹਿਬ ਬਣਾਇਆ ਹੈ, ਜਿਸਨੂੰ ਓਹ ਗੁੰਪਾ (Gumpa) ਕਹਿੰਦੇ ਹਨ ਤੇ ਏਥੇ ਸ਼ੁਧ ਘੀ ਦਾ ਦੀਵਾ (ਜੋਤਿ) ਹਰ ਵੇਲੇ ਜਗਦਾ ਹੈ। ਲਾਮਿਆਂ ਦੀ ਆਪਣੀ ਬੋਲੀ (ਲਿਪੀ) ਵਿਚ ਜੋ ਧਾਰਮਿਕ ਪੁਸਤਕਾਂ ਹਨ, ਉਨ੍ਹਾਂ ਵਿਚੋਂ ਗੁਰੂ ਨਾਨਕ ਸਾਹਿਬ ਦਾ ਹਵਾਲਾ ਮਿਲਦਾ ਹੈ, ਜਿਸ ਤੋਂ ਇਹ ਸਿਧ ਹੁੰਦਾ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੇ ਅਨਿੰਨ ਪੈਰੋਕਾਰ ਹਨ।

ਕਹਿੰਦੇ ਹਨ ਕਿ ਚੁੰਗਥਾਂਗ ਤੋਂ ਗੁਰੂ ਨਾਨਕ ਸਾਹਿਬ ਗੁਰੂਦੰਬਾ ਝੀਲ (Gurudamba Lake) ਤੇ ਗਏ ਤੇ ਏਥੇ ਇਕ ਰਾਤ ਵਿਸਰਾਮ ਕੀਤਾ। ਗੁਰੂ ਨਾਨਕ ਸਾਹਿਬ ਦੇ ਮੁਖ ਵਾਕ ਅਨੁਸਾਰ ਇਸ ਝੀਲ ਦਾ ਪਾਣੀ ੧੮,੦੦੦ ਫੁਟ ਦੀ ਉਚਾਈ ਤੇ ਬਿਲਕੁਲ ਨਹੀਂ ਜੰਮਦਾ। ਇਹ ਝੀਲ ਸਾਰਾ ਸਾਲ ਬਰਫ ਨਾਲ ਘਿਰੀ ਰਹਿੰਦੀ ਹੈ। ਇਹ ਭੀ ਕਹਿੰਦੇ ਹਨ ਕਿ ਗੁਰੂ ਸਾਹਿਬ ਦਾ ਹੁਕਮ ਹੈ ਕਿ ਇਸ ਝੀਲ ਵਿਚ ਸਰਧਾ ਨਾਲ ਇਸ਼ਨਾਨ ਕਰਨ ਨਾਲ ਸੰਤਾਨ ਦੀ ਪ੍ਰਾਪਤੀ ਹੁੰਦੀ ਹੈ। ਏਥੋਂ ਚਲ ਕੇ ਗੁਰੂ ਸਾਹਿਬ ਤਿਬਤ ਦੀ ਰਾਜਧਾਨੀ ਲਾਸਾ (Lasa) ਪੁਜੇ, ਜਿਥੋਂ ਕੁਝ ਕੈਦੀਆਂ ਨੂੰ ਰਾਜੇ ਦੀ ਬੰਦੀ ਤੋਂ ਛੁਡਾਇਆ ਤੇ ਫੇਰ ਚੀਨ ਤੋਂ ਹੁੰਦੇ ਹੋਏ ਪੰਜਾਬ ਪੁਜੇ।

ਚੁੰਗਥਾਂਗ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਮਿਲਟਰੀ ਦੇ ਸਿੰਘਾਂ ਦਾ ਸਾਰਾ ਹੱਥ ਹੈ। ੧੯੭੭ ਵਿਚ ਗੁਰੂ ਨਾਨਕ ਸਾਹਿਬ ਦੇ ਜਨਮ ਉਤਸ਼ਵ ਤੋਂ ਬਾਅਦ ਗੁਰਦੁਆਰੇ ਤਕ ਪੁਜਣ ਲਈ ਸੜਕ ਕਾਫੀ ਚੋੜੀ ਕਰ ਦਿਤੀ ਗਈ ਹੈ ਤੇ ਪੱਥਰਾਂ ਨਾਲ ਪੱਕੀ ਬਣਾ ਦਿਤੀ ਹੋਈ ਹੈ। ਇਸ ਸੜਕ ਤੇ ੧ ਟਨ (one Ton) ਦੀ ਲਾਰੀ ਆਸਾਨੀ ਨਾਲ ਆ ਜਾ ਸਕਦੀ ਹੈ। ਫੌਜੀ ਸਿੰਘਾਂ ਨੇ ੫ ਕਨਾਲ ਜਗ੍ਹਾ ਤਕਰੀਬਨ ੧੦,੦੦੦/– ਰੁਪਏ ਤੋਂ ਖਰੀਦੀ ਸੀ, ਜਿਸ ਉਤੇ ਗੁਰਦੁਆਰਾ ਸਾਹਿਬ ਦਾ ਇਕ ਵਡਾ ਹਾਲ ਤਿਆਰ ਕੀਤਾ। ਕਹਿੰਦੇ ਹਨ ਕਿ ਅਪਰੈਲ ੧੯੮੧ ਵਿਚ ਏਥੇ ਸਿਕਿਮ ਦੇ ਗਵਰਨਰ ਸ੍ਰੀ ਹੋਮੀ ਜੇ. ਐਚ. ਟੇਲਹਰਖਾਨ (Homi J. H. Telehar Khan) ਗੁਰਦੁਆਰਾ ਸਾਹਿਬ ਦੀ ਜ਼ਿਆਰਤ ਲਈ ਬੜੀ ਸ਼ਰਧਾ ਨਾਲ ਆਏ ਸਨ। ਉਨ੍ਹਾਂ ਨੇ ਕਿਹਾ ਸੀ ਕਿ ਜਦੋਂ ਗਿਆਨੀ ਜ਼ੈਲ ਸਿੰਘ, ਹੋਮ ਮਨਿਸਟਰ, ਸਿਕਿਮ ਆਉਣਗੇ, ਉਨ੍ਹਾਂ ਨੂੰ ਇਸ ਪਵਿਤਰ ਅਸਥਾਨ ਦੇ ਦਰਸ਼ਨ ਕਰਨ ਲਈ ਪ੍ਰੇਰਨਾ ਕੀਤੀ ਜਾਏਗੀ। ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦਾ ਹਾਲ ਕਮਰਾ, ਸੰਗਤਾਂ ਦੀ ਸੁਵਿਧਾ ਲਈ ਵਿਸਰਾਮ ਗ੍ਰਹਿ (Rest Room), ਤੇ ਇਸ਼ਨਾਨ ਗ੍ਰਹਿ ਭੀ ਬਣਾਏ ਹੋਏ ਹਨ। ਇਤਿਹਾਸਿਕ ਵਡੇ ਪੱਥਰ ਉਤੇ ਉਚੇ ਕਰਕੇ ਨਿਸ਼ਾਨ ਸਾਹਿਬ ਝੂਲ ਰਹੇ ਹਨ ਤੇ ਨਿਸ਼ਾਨ ਸਾਹਿਬ ਦੇ ਥੜੇ ਤੇ "(April 14, 1975--Visakhi 3 Sikh-LI)" ਲਿਖਿਆ ਹੋਇਆ ਹੈ। ਜਿਸਦਾ ਭਾਵ ਇਹ ਹੈ ਕਿ ਫੌਜ ਦੇ 3 ਸਿਖ ਲਾਈਟ ਇਨਫ਼ੈਨਟ੍ਰੀ ਯੂਨਿਟ ਨੇ ਇਸ ਨਿਸ਼ਾਨ ਸਾਹਿਬ ਤੇ ਥੜੇ ਦੀ ਸੇਵਾ ਕੀਤੀ ਹੈ।

ਅਖੰਡ ਕੀਰਤਨੀ ਜਥਾ ਦਿਲੀ ਨੂੰ ਇਸ ਪਵਿਤਰ ਅਸਥਾਨ ਦੇ ਦਰਸ਼ਨ ਤੇ ਧੂੜੀ ਪ੍ਰਾਪਤ ਕਰਨ ਦੇ ਅਵਸਰ, ਗੁਰੂ ਦੀ ਕਿਰਪਾ ਦੁਆਰਾ, ਇਸ ਤਰ੍ਹਾਂ ਪ੍ਰਾਪਤ ਹੋਏ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਸ਼ਹੀਦੀ ਗੁਰਪੁਰਬ ੧ ਦਸੰਬਰ ੧੯੮੧ ਨੂੰ ਦਿਲੀ ਦੇ ਕੀਰਤਨੀ ਜਥੇ ਨੇ ਪਟਨਾ ਸਾਹਿਬ ਮਨਾਇਆ। ਦੋ ਦਿਨ ਸ੍ਰੀ ਤਖਤ

[ਬਾਕੀ ਦੇਖੋ ਸਫ਼ਾ ੮ ਦੇ ਹੇਠ]



www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੬)

[ਪ੍ਰੋਫੈਸਰ ਠਾਕਰ ਸਿੰਘ ਜੀ, ਸ੍ਰੀ ਅੰਮ੍ਰਿਤਸਰ]

**ਮਾਝੇ ਵਿਚ ਗੁਰਮਤਿ ਸਮਾਗਮ–**

ਬੀਬੀ ਸੰਤ ਕੌਰ ਦੇ ਅਨੰਦ ਕਾਰਜ ਤੇ ਪੁਜੇ ਇਲਾਕੇ ਦੇ ਪਤਵੰਤੇ ਸੱਜਣਾਂ ਵਿਚੋਂ ਇਕ ਉਘੇ ਤੇ ਧਨਾਢ ਸਰਦਾਰ ਰਛਪਾਲ ਸਿੰਘ ਜੀ ਪਿੰਡ ਸਾਹਬ ਦਾ ਚੱਕ (ਲਾਇਲਪੁਰ), ਜਿਥੇ ਇਨ੍ਹਾਂ ਦੀ ੧੫ ਮੁਰੱਬੇ ਜ਼ਮੀਨ ਸੀ, ਭੀ ਪੁਜੇ ਹੋਏ ਸਨ। ਸ੍ਰੀ ਬਾਊ ਮੱਲ ਸਿੰਘ ਜੀ ਦੇ ਵਡੇ ਭਾਈ ਵਰਿਆਮ ਸਿੰਘ ਜੀ ਦੀ, ਜੋ ਇਸ ਇਲਾਕੇ ਦੇ ਅਕਾਲੀ ਜਥੇ ਦੇ ਜਥੇਦਾਰ ਸਨ, ਇਨ੍ਹਾਂ ਨਾਲ ਬੜੀ ਮਿਤਰਤਾ ਸੀ। ਸ: ਰਛਪਾਲ ਸਿੰਘ ਜੀ ਨੇ ਅਨੰਦ ਕਾਰਜ ਦੀ ਸਾਰੀ ਗੁਰਮਤਿ ਰਹੁ-ਰੀਤ ਅੱਖੀਂ ਵੇਖੀ ਅਤੇ ਇਸ ਤੋਂ ਬਹੁਤ ਪ੍ਰਭਾਵਤ ਹੋਏ।

ਜਦੋਂ ਬਰਾਤ ਤੁਰ ਗਈ ਤੇ ਬਾਅਦ ਵਿਚ ਸ੍ਰੀ ਬਾਊ ਜੀ ਨਾਲ ਬਚਨ-ਬਿਲਾਸ ਕਰਦਿਆਂ ਉਨ੍ਹਾਂ ਦਸਿਆ ਕਿ ਸਰੀਰ ਬੀਮਾਰੀ ਕਾਰਨ ਕੁਝ ਢਿੱਲਾ ਢਿੱਲਾ ਰਹਿੰਦਾ ਹੈ। ਤੁਸੀਂ ਆਪਣਾ ਵਿਚਾਰ ਦਸੋ ਕਿ ਕੀ ਕੀਤਾ ਜਾਏ। ਤਾਂ ਬਾਊ ਜੀ ਕਹਿਣ ਲਗੇ ਕਿ ਮੈਨੂੰ ਤਾਂ ਇਕੋ ਹੀ ਦਵਾਈ ਦਾ ਨੁਸਖ਼ਾ ਪਤਾ ਹੈ, "ਸਰਬ ਰੋਗ ਕਾ ਅਉਖਦੁ ਨਾਮੁ"।* ਇਹ ਹੀ ਨੁਸਖ਼ਾ ਆਪਣੇ ਤੇ ਵਰਤ ਕੇ ਆਪ ਰਾਜ਼ੀ ਹੋਇਆ ਹਾਂ ਅਤੇ ਇਹੋ ਹੀ ਦਵਾਈ ਵਰਤਣ ਲਈ ਮੈਂ ਤੁਹਾਨੂੰ ਸਲਾਹ ਦਿੰਦਾ ਹਾਂ। ਪਰ ਇਸ ਦੀ ਵਡੀ ਸ਼ਰਤ ਇਹ ਹੈ ਕਿ ਪਹਿਲਾਂ ਅੰਮ੍ਰਿਤ ਛਕ ਕੇ ਗੁਰਮਤਿ ਰਹਿਤ-ਰਹਿਣੀ ਵਿਚ ਤਿਆਰ-ਬਰ-ਤਿਆਰ ਹੋਵੇ, ਸਿਮਰਨ ਕਰੋ, ਤਾਂ ਹੀ ਦਵਾਈ ਅਸਰ ਕਰੇਗੀ। ਤੇ ਸਰੀਰ ਅਰੋਗ ਹੋ ਸਕਦਾ ਹੈ।

ਸ: ਰਛਪਾਲ ਸਿੰਘ ਦਾ ਮਨ ਪਹਿਲਾਂ ਹੀ ਅਨੰਦ ਕਾਰਜ ਸਮਾਗਮ ਵੇਖ ਕੇ ਬੜਾ ਪਸੀਜਿਆ ਹੋਇਆ ਸੀ। ਉਨ੍ਹਾਂ ਨੇ ਬੇਨਤੀ ਕੀਤੀ ਕਿ ਅੰਮ੍ਰਿਤ ਸਿੰਚਾਰ ਦਾ ਪ੍ਰਬੰਧ ਕਰਨ ਦੀ ਕਿਰਪਾ ਕਰੋ। ਮੇਰੀ ਖ਼ਾਹਸ਼ ਹੈ ਕਿ ਸਾਰੇ ਪਰਵਾਰ ਨੂੰ ਹੀ ਜਹਾਜ਼ੇ ਚੜ੍ਹਾਇਆ ਜਾਵੇ ਤਾਂ ਬਹੁਤ ਚੰਗਾ ਹੋਵੇਗਾ। ਬਾਕੀ ਸਾਰਾ ਪਰਵਾਰ ਪਿਛਲੇ ਪਿੰਡ ਜਾਮਾਰਾਏ (ਅੰਮ੍ਰਿਤਸਰ) ਰਹਿੰਦਾ ਹੈ। ਤੇ ਇਹ ਸਾਰਾ ਸਮਾਗਮ ਉਥੇ ਹੀ ਕੀਤਾ ਜਾਏ। ਸ੍ਰੀ ਬਾਊ ਜੀ ਨੇ ਖ਼ੁਸ਼ੀ ਨਾਲ ਮਨਜ਼ੂਰੀ ਦੇ ਦਿਤੀ ਅਤੇ ਉਸੇ ਵਕਤ ਹੀ ਸਮਾਗਮ ਦੀਆਂ ਤਰੀਕਾਂ ਨੀਯਤ ਕਰ ਦਿਤੀਆਂ।

ਸ੍ਰੀ ਬਾਊ ਮੱਲ ਸਿੰਘ ਜੀ ਨੂੰ ਪੈਨਸ਼ਨ ਦੇ ਨਾਲ ਮਿਲਿਆ ਮੁਰੱਬਾ ਜ਼ਿਲਾ ਮਿੰਟਗੁਮਰੀ ਵਿਚ ਉਕਾੜੇ ਲਾਗੇ ਚੱਕ ਨੰਬਰ ੫੨/੨-ਐਲ ਵਿਖੇ ਅਲਾਟ ਹੋਇਆ, ਜਿਥੇ ਆਪ ਦੇ ਵਡੇ ਭਾਈ ਵਰਿਆਮ ਸਿੰਘ ਜੀ ਨੇ ਪਿੰਡ ਦੇ ਵਿਚਕਾਰ ਇਕ ਸੁੰਦਰ ਮਕਾਨ ਬਣਵਾ ਦਿਤਾ। ਬਾਊ ਜੀ ਬੀਬੀ ਦੇ ਵਿਆਹ ਪਿਛੋਂ ਸਾਰੇ ਪਰਵਾਰ ਸਮੇਤ ਆਪਣੇ ਮੁਰੱਬੇ ਤੇ ਚੱਕ ਨੰਬਰ ੫੨/੨-ਐਲ ਵਿਚ ਪੁਜ ਗਏ। ਘਰ ਦੇ ਰਹਿਣ ਬਹਿਣ ਦਾ ਪਰਬੰਧ ਠੀਕ ਕਰ ਕੇ ਆਪ ਜੀ ਨੇ ਜਾਮਾਰਾਏ ਸ੍ਰੀ ਅਖੰਡ ਪਾਠ ਤੇ ਅੰਮ੍ਰਿਤ-ਸਿੰਚਾਰ ਸਮਾਗਮ ਵਲ ਧਿਆਨ ਦਿਤਾ।

**ਪਿੰਡ ਜਾਮਾਰਾਏ ਵਿਖੇ ਸਮਾਗਮ**–ਇਸ ਵੇਲੇ ਤਕ ਸ੍ਰੀਮਾਨ ਭਾਈ ਰਣਧੀਰ ਸਿੰਘ ਜੀ ਦੇ ਨਿਕਟ-ਵਰਤੀ ਰੰਗਲੇ ਸਜਣ ਭਾਈ ਅਤਰ ਸਿੰਘ ਜੀ ਚਕਵਾਲ, ਗਿਆਨੀ ਦਲੀਪ ਸਿੰਘ ਜੀ ਫੂਲਾਂਵਾਲ, ਭਾਈ ਸੁਰਜਨ ਸਿੰਘ ਜੀ ਗੁਜਰਵਾਲ ਆਪਣੀ ਪੰਜ ਪੰਜ ਸਾਲ ਜੇਲ੍ਹ-ਯਾਤਰਾ ਕੱਟ ਕੇ ਘਰ ਪੁਜ ਚੁਕੇ ਸਨ। ਸ੍ਰੀ ਬਾਊ ਜੀ ਨੇ ਸਾਰਿਆਂ ਸੱਜਣਾਂ ਨੂੰ ਜਾਮਾਰਾਏ ਵਿਖੇ ਸਮਾਗਮ ਤੇ ਪੁੱਜਣ ਲਈ ਬੇਨਤੀ ਕੀਤੀ, ਜੋ ਉਨ੍ਹਾਂ ਨੇ ਖ਼ੁਸ਼ੀ ਨਾਲ ਪਰਵਾਨ ਕਰ ਲਈ। ਕਰਨਲ ਪਿਆਰਾ ਸਿੰਘ ਜੀ ਨੇ ਵੀ ਪੁਜਣ ਦੀ ਪਰਵਾਨਗੀ ਭੇਜ ਦਿਤੀ। ਦਾਸ (ਲੇਖਕ) ਤਾਂ ਅਗੇ ਹੀ ਉਡੀਕ ਕਰ ਰਿਹਾ ਸੀ। ਨਾਲ ਹੀ ਭਾਈ ਹਰੀ ਸਿੰਘ ਜੀ ਸ਼ੇਰਗਿਲ ਜੋ ਬੀ. ਐਸ-ਸੀ. ਪਾਸ ਕਰ ਚੁਕੇ ਸਨ ਅਤੇ ਉਨ੍ਹਾਂ ਦੇ ਪਿਤਾ ਭਾਈ ਉਜਾਗਰ ਸਿੰਘ ਜੀ, ਜੋ ਉਸ ਵੇਲੇ ਖਡੂਰ

---

*ਸੁਖਮਨੀ ਸਾਹਿਬ, ਪ॥੬॥ (ਪੰਨਾ ੨੭੪)



www.AKJ.Org

ਸਾਹਿਬ ਵਿਖੇ ਮੈਨੇਜਰੀ ਦੀ ਸੇਵਾ ਕਰ ਰਹੇ ਸਨ, ਸਾਰੇ ਸਜਣ ਮਿਥੀ ਤਰੀਕ ਤੇ ਪੁਜ ਗਏ।

ਸ: ਰਛਪਾਲ ਸਿੰਘ, ਛੋਟੇ ਵੀਰ ਹਜ਼ਾਰਾ ਸਿੰਘ ਤੇ ਤੀਜੇ ਵੀਰ ਸਰਦਾਰ ਬਹਾਦਰ ਕਰਤਾਰ ਸਿੰਘ ਜੀ ਸੈਸ਼ਨ ਜਜ ਇਸ ਇਲਾਕੇ ਦੇ ਉਘੇ ਜ਼ਿਮੇਵਾਰ ਸੱਜਣ ਸਨ; ਜਿਸ ਕਰਕੇ ਸਮਾਗਮ ਅਰੰਭ ਤੋਂ ਪਹਿਲਾਂ ਹੀ ਇਲਾਕੇ ਵਿਚ ਬੜਾ ਪਰਚਾਰ ਹੋਇਆ ਕਿ ਜਾਮਾਰਾਈਏ ਸਰਦਾਰਾਂ ਦੇ ਗੁਰਮਤਿ ਸਮਾਗਮ ਹੋ ਰਿਹਾ ਹੈ। ਸੋ ਇਲਾਕੇ ਦੇ ਗੁਰਮੁਖ ਸਜਣ ਹੁਮ-ਹੁਮਾ ਕੇ ਸਮਾਗਮ ਵਿਚ ਪੁਜੇ।

ਮਰਯਾਦਾ ਅਨੁਸਾਰ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਹੋ ਗਿਆ। ਸ: ਰਛਪਾਲ ਸਿੰਘ ਤੇ ਬਾਕੀ ਸਾਰੇ ਪਰਵਾਰ ਨੂੰ ਤਾਕੀਦ ਕੀਤੀ ਗਈ ਕਿ ਸਾਰਾ ਵਕਤ ਜਾਂ ਪਾਠ ਸੁਣਨਾ ਹੈ ਜਾਂ ਸੇਵਾ ਕਰਨੀ ਹੈ। ਉਸ ਵਕਤ ਕੀਰਤਨ ਦੀ ਸੇਵਾ ਭਾਈ ਅਤਰ ਸਿੰਘ ਜੀ ਅਤੇ ਦਾਸ (ਲੇਖਕ) ਹੀ ਕਰਦੇ ਸਨ। ਸ੍ਰੀ ਅਖਡ ਪਾਠ ਦੇ ਭੋਗ ਪਿਛੋਂ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋ ਗਿਆ, ਜਿਸ ਦਾ ਭੋਗ ਦੁਪਹਿਰੇ ੧੨ ਵਜੇ ਦੇ ਕਰੀਬ ਪਿਆ। ਸਤਿਗੁਰੂ ਦੀ ਅਪਾਰ ਕਿਰਪਾ ਬਖਸ਼ਿਸ਼ ਹੋਈ ਕਿ ਕੀਰਤਨ ਵਿਚ ਬੜਾ ਰੰਗ ਬੱਝਾ, ਜਿਹਾ ਕਿ ਭਾਈ ਸਾਹਿਬ ਜੀ ਦੀ ਜੇਲ੍ਹ-ਯਾਤਰਾ ਤੋਂ ਪਹਿਲਾਂ ਕੀਰਤਨ-ਮੰਡਲਾਂ ਵਿਚ ਬਝਦਾ ਸੀ। ਭਾਈ ਸਾਹਿਬ ਜੋ ਖ਼ਾਸ ਸ਼ਬਦ ਬੜੇ ਬੈਰਾਗ-ਰੰਗਾਂ ਤਰੰਗਾਂ ਵਿਚ ਗਾਵਿਆਂ ਕਰਦੇ ਸਨ, ਉਨ੍ਹਾਂ ਸ਼ਬਦਾਂ ਦਾ ਕੀਰਤਨ ਉਸੇ ਲੈਅ ਵਿਚ ਹੋਇਆ। ਸੰਗਤ ਤੇ ਬੜਾ ਗੂੜ੍ਹਾ ਅਸਰ ਹੋਇਆ। ਦੀਵਾਨ ਦੀ ਸਮਾਪਤੀ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ਸ਼ੁਰੂ ਹੋ ਗਿਆ। ਇਸ ਸਾਰੇ ਪਰਵਾਰ ਦੇ ਨਾਲ ਹੀ ਇਲਾਕੇ ਦੀਆਂ ਆਈਆਂ ਸੰਗਤਾਂ ਵਿਚੋਂ ਬਹੁਤ ਸਾਰੇ ਸੱਜਣ ਅੰਮ੍ਰਿਤ-ਸਿੰਚਾਰ ਸਮਾਗਮ ਵਿਚ ਪੇਸ਼ ਹੋ ਕੇ ਜਹਾਜ਼ੇ ਚੜ੍ਹ ਗਏ। ਅੰਮ੍ਰਿਤ-ਸਮਾਗਮ ਦੀ ਸਮਾਪਤੀ ਦੀ ਅਰਦਾਸ ਸਮੇਂ ਸ: ਰਛਪਾਲ ਸਿੰਘ ਜੀ ਦੀ ਦੇਹ-ਅਰੋਗਤਾ ਦੀ ਅਰਦਾਸ ਹੋਈ ਅਤੇ ਨਾਲ ਹੀ ਉਨ੍ਹਾਂ ਨੂੰ ਦਸਿਆ ਗਿਆ ਕਿ ਚੂੰਕਿ ਬੀਮਾਰੀ ਪੁਰਾਣੀ ਹੈ, ਜਿਸ ਦਾ ਇਲਾਜ ਡਾਕਟਰਾਂ ਤੋਂ ਵੀ ਨਹੀਂ ਹੋ ਸਕਿਆ, ਇਸ ਲਈ ਤੁਹਾਡੇ ਲਈ ਹਰ ਰੋਜ਼ ਸਿਮਰਨ ਨਿਤਨੇਮ ਦੇ ਨਾਲ ਹੀ ਇਕ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਜ਼ਰੂਰੀ ਹੈ।

ਸਾਰੇ ਸਮਾਗਮ ਦੀ ਸਮਾਪਤੀ ਪਿਛੋਂ ਜਥਾ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਲਈ ਤਿਆਰ ਹੋ ਗਿਆ। ਸਾਰਾ ਪਰਵਾਰ ਜਥੇ ਨੂੰ ਵਿਦਾ ਕਰਨ ਲਈ ਨਹਿਰ ਦੇ ਪੁਲ ਤਕ ਆਇਆ। ਸ: ਰਛਪਾਲ ਸਿੰਘ ਬੜੇ ਪਿਆਰ ਭਰੇ ਵੈਰਾਗ ਵਿਚ ਆ ਗਏ ਅਤੇ ਅਥਰੂ-ਭਰੀਆਂ ਅੱਖਾਂ ਨਾਲ ਕਹਿਣ ਲਗੇ, ਇਸ ਸਮਾਗਮ ਵਿਚ ਗੁਰਬਾਣੀ ਦੇ ਪਾਠ ਸੁਣਨ ਨਾਲ ਅਤੇ ਗੁਰੂ-ਪਿਆਰਿਆਂ ਦੀ ਸੰਗਤ ਵਿਚ ਜਿਤਨਾ ਅਨੰਦ ਮਾਣਿਆ ਹੈ, ਉਹ ਲਫ਼ਜ਼ਾਂ ਵਿਚ ਦਸਣਾ ਮੁਸ਼ਕਲ ਹੈ। ਸਮਾਗਮ ਦੀ ਅਰੰਭਤਾ ਤੋਂ ਹੀ ਸਰੀਰ ਅਰੋਗ ਹੋ ਰਿਹਾ ਹੈ ਤੇ ਮਨ ਵਿਚ ਇਹ ਵਿਸ਼ਵਾਸ ਪੱਕਾ ਹੋ ਰਿਹਾ ਹੈ ਕਿ ਸਤਿਗੁਰੂ ਨਾਨਕ ਦੇਵ ਜੀ ਦਾ "ਅਉਖਧੁ ਤੇਰੋ ਨਾਮੁ ਦਇਆਲ"* ਨੁਸਖ਼ਾ ਪੂਰਾ ਆਰਾਮ ਛੇਤੀ ਦੇਵੇਗਾ। ਬੀਮਾਰੀ ਬਹੁਤ ਪਰਾਣੀ ਹੈ, ਪਰ ਕੁਝ ਥੋੜਾ ਵਕਤ ਹੋਰ ਲਗੇਗਾ। ਅਗਲੇ ਹਫਤੇ ਮੈਂ ਵੀ ਸ੍ਰੀ ਅੰਮ੍ਰਿਤਸਰ ਸਚਖੰਡ ਦੇ ਦਰਸ਼ਨ ਕਰਨ ਲਈ ਪੁਜ ਰਿਹਾ ਹਾਂ। ਉਮੀਦ ਹੈ ਉਥੇ ਆਪ ਨੂੰ ਪੂਰੀ ਅਰੋਗਤਾ ਦੀ ਖੁਸ਼ਖਬਰੀ ਸੁਣਾ ਸਕਾਂਗਾ।

**ਪਿੰਡ ਤੁਸਿਕੇ ਵਿਖੇ ਸਮਾਗਮ–**

ਇਨ੍ਹਾਂ ਦਿਨਾਂ ਵਿਚ ਦਾਸ (ਠਾਕਰ ਸਿੰਘ) ਨੇ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ. ਏ. ਪਾਸ ਕਰ ਲਈ ਸੀ ਅਤੇ ਖਾਲਸਾ ਸਕੂਲ ਤੁਸਿਕਾ ਅੰਮ੍ਰਿਤਸਰ ਵਿਖੇ ਹੈਡ-ਮਾਸਟਰ ਲਗ ਗਿਆ ਸਾਂ। ਮੇਰੀ ਰਿਹਾਇਸ਼ ਦਾ ਪਰਬੰਧ ਸਕੂਲ ਦੇ ਮੈਨੇਜਰ ਸ: ਮੂਲਾ ਸਿੰਘ ਜੀ ਨੇ ਆਪਣੇ ਘਰ ਦੇ ਚੁਬਾਰੇ ਵਿਚ ਹੀ ਕਰ ਦਿਤਾ ਸੀ। ਇਨ੍ਹਾਂ ਦਾ ਗੁਰਮਤਿ ਵਲ ਕਾਫ਼ੀ ਝੁਕਾ ਸੀ। ਇਨ੍ਹਾਂ ਦੀਆਂ ਦੋ ਬੀਬੀਆਂ ਪੰਚਖੰਡ ਭਸੌੜ ਪੜ੍ਹਦੀਆਂ ਸਨ, ਜੋ

*ਧਨਾਸਰੀ ਮਹਲਾ ੫, ਪੰਨਾ ੬੭੫



www.AKJ.Org

ਦਸਤਾਰ ਸੰਯੁਕਤ ਪੰਜ ਕਕਾਰੀ ਰਹਿਤ-ਰਹਿਣੀ ਵਿਚ ਪਰਪੱਕ ਸਨ। ਜਾਮਾ ਰਾਏ ਦੇ ਗੁਰਮਤਿ ਸਮਾਗਮ ਵਿਚ ਸ: ਮੂਲਾ ਸਿੰਘ ਜੀ ਵੀ ਪੁਜੇ ਹੋਏ ਸਨ। ਉਹ ਉਥੇ ਸਾਰਾ ਵਕਤ ਪਾਠ ਸੁਣਨ ਜਾਂ ਸੇਵਾ ਵਿਚ ਜੁਟੇ ਰਹੇ। ਅੰਮ੍ਰਿਤ-ਸਿਚਾਰ ਦੀ ਸਾਰੀ ਮਰਯਾਦਾ ਵੇਖ ਕੇ ਗਦ ਗਦ ਹੋ ਗਏ ਅਤੇ ਉਥੋਂ ਤੁਰਨ ਲਗਿਆਂ ਸ੍ਰੀ ਬਾਊ ਜੀ ਨੂੰ ਬੇਨਤੀ ਕੀਤੀ ਕਿ ਇਹੋ ਜਿਹਾ ਗੁਰਮਤਿ ਸਮਾਗਮ ਦਾਸ ਦੇ ਪਿੰਡ ਤ੍ਰਸਿਕੇ ਵਿਖੇ ਵੀ ਕਰਨ ਦੀ ਕਿਰਪਾ ਕਰੋ। ਬਾਊ ਜੀ ਨੇ ਇਹ ਸ਼ਰਤ ਲਗਾਉਂਦਿਆਂ ਖੁਸ਼ੀ ਨਾਲ ਪਰਵਾਨਗੀ ਦਿਤੀ ਕਿ ਅੰਮ੍ਰਿਤ ਛਕਣ ਲਈ ਪ੍ਰੇਰਨਾ ਕਰ ਕੇ ਫੌਜਾਂ ਤਿਆਰ ਕਰੋ, ਸਮਾਗਮ ਜ਼ਰੂਰ ਹੋਵੇਗਾ। ਸਮਾਗਮ ਦੀਆਂ ਤਰੀਕਾਂ ਦਾ ਫੈਸਲਾ ਹੋ ਗਿਆ।

ਨੀਯਤ ਤਰੀਕ ਤੇ ਜਥੇ ਨੂੰ ਲਿਆਉਣ ਲਈ ਦਾਸ ਟਾਂਗਰੇ ਸਟੇਸ਼ਨ ਤੇ ਪੁਜ ਗਿਆ। ਜਥੇ ਦੇ ਸਾਰੇ ਗੁਰੂ-ਪਿਆਰੇ ਸਟੇਸ਼ਨ ਤੇ ਆਣ ਉਤਰੇ ਅਤੇ ਤ੍ਰਸਿਕੇ ਪੁਜਣ ਲਈ ਕਮਰਕਸੇ ਕਰ ਲਏ। ਜਥੇ ਨੇ ਪਿੰਡ ਦੇ ਲਾਗੇ ਪੁਜ ਕੇ ਕੀਰਤਨ ਅਰੰਭ ਦਿਤਾ। ਅਗੋਂ ਪਿੰਡ ਦੀ ਸੰਗਤ ਵੀ ਕੀਰਤਨ ਕਰਦੀ ਆ ਗਈ ਅਤੇ ਕੀਰਤਨ-ਰੰਗਾਂ ਵਿਚ ਜਥੇ ਦਾ ਸੁਆਗਤ ਕੀਤਾ ਗਿਆ। ਪਿੰਡ ਦਾ ਗੁਰਦੁਆਰਾ ਬੜੀ ਸੁੰਦਰ ਤੇ ਖੁਲ੍ਹੀ ਥਾਂ ਤੇ ਸੀ। ਸਾਰੀ ਸੰਗਤ ਕੀਰਤਨ ਕਰਦੀ ਗੁਰਦੁਆਰਾ ਸਾਹਿਬ ਪੁਜੀ। ਸਾਰਾ ਸਮਾਗਮ ਇਥੇ ਹੀ ਰਚਿਆ ਗਿਆ।

ਅਗਲੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋ ਗਿਆ। ਲੰਗਰ ਦਾ ਪਰਬੰਧ ਸ: ਮੂਲਾ ਸਿੰਘ ਜੀ ਦੇ ਗ੍ਰਿਹਿ ਵਿਖੇ ਹੋਇਆ। ਉਨ੍ਹਾਂ ਦੀਆਂ ਦੋਵੇਂ ਬੀਬੀਆਂ ਪੰਚਖੰਡ ਭਸੌੜ ਤੋਂ ਛੁੱਟੀ ਲੈ ਕੇ ਆ ਗਈਆਂ ਅਤੇ ਲੰਗਰ ਦੀ ਸੇਵਾ ਉਨ੍ਹਾਂ ਨੇ ਸੰਭਾਲ ਲਈ।

ਸ: ਮੂਲਾ ਸਿੰਘ ਜੀ ਖ਼ਾਲਸਾ ਸਕੂਲ ਦੇ ਮੈਨੇਜਰ ਹੋਣ ਕਰਕੇ, ਆਲੇ ਦੁਆਲੇ ਵਿਚ ਮੰਨੇ ਪ੍ਰਮੰਨੇ ਸਨ, ਇਸ ਕਰਕੇ ਤਿੰਨੇ ਦਿਨ ਸੰਗਤਾਂ ਦੀ ਕਾਫ਼ੀ ਹਾਜ਼ਰੀ ਰਹੀ। ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਖ਼ੂਬ ਰੰਗਾਂ ਵਿਚ ਹੋਇਆ।

ਫਿਰ ਅੰਮ੍ਰਿਤ ਛਕਣ ਲਈ ਬਾਬਾ ਨਰੈਣ ਸਿੰਘ ਤੇ ਭਾਈ ਗੁਰਦਿਤ ਸਿੰਘ (ਸ: ਮੂਲਾ ਸਿੰਘ ਜੀ ਦੇ ਛੋਟੇ ਭਾਈ), ਇਨ੍ਹਾਂ ਦੇ ਭਰਾ, ਤੇ ਪਿੰਡਾਂ ਦੇ ਹੋਰ ਅੰਮ੍ਰਿਤ-ਅਭਿਲਾਖੀ ਤਿਆਰ ਹੋ ਗਏ। ਪੁਛ-ਪੜਤਾਲ ਪਿਛੋਂ ਸਾਰਿਆਂ ਨੂੰ ਅੰਮ੍ਰਿਤ ਛਕ ਇਆ ਗਿਆ ਅਤੇ ਅਗਲੇ ਅੰਮ੍ਰਿਤ ਵੇਲੇ ਸਾਰੇ ਸਮਾਗਮ ਦੀ ਸਮਾਪਤੀ ਹੋਈ। ਦੂਜੇ ਦਿਨ ਅੰਮ੍ਰਿਤ ਵੇਲੇ ਦਾ ਨਿਤਨੇਮ ਕਰ ਕੇ ਜਥੇ ਨੇ ਪਰਸ਼ਾਦਾ ਛਕਿਆ ਅਤੇ ਕੀਰਤਨ ਕਰਦਿਆਂ ਸੰਗਤ ਤੋਂ ਵਿਦਾਇਗੀ ਲੈ, ਟਾਂਗਰੇ ਸਟੇਸ਼ਨ ਤੇ ਪੁਜ, ਗੱਡੀ ਤੇ ਸਵਾਰ ਹੋ ਗਿਆ।

ਇਸ ਸਮਾਗਮ ਦੇ ਪ੍ਰਭਾਵ ਦੀ ਦਸਣ ਵਾਲੀ ਗੱਲ ਇਹ ਹੈ ਕਿ ਇਸ ਪਰਵਾਰ ਦਾ ਸ੍ਰੀ ਬਾਊ ਜੀ ਨਾਲ ਇਤਨਾ ਪੀਡਾ ਪਿਆਰ ਵਧਿਆ ਕਿ ਬਾਬਾ ਨਰੈਣ ਸਿੰਘ ਜੀ ਨੇ ਪਹਿਲਾਂ ਆਪਣੀ ਦੋਹਤਰੀ ਦਾ ਅਨੰਦ ਸ੍ਰੀ ਬਾਊ ਜੀ ਦੇ ਭੁਜੰਗੀ ਕਰਨਲ ਕੁਲਵੰਤ ਸਿੰਘ ਨਾਲ ਕਰ ਦਿਤਾ ਅਤੇ ਬਾਅਦ ਵਿਚ ਬਾਬਾ ਜੀ ਦੇ ਸਪੁਤਰ ਨੇ ਆਪਣੀ ਲੜਕੀ ਦਾ ਅਨੰਦ ਕਾਰਜ ਬਾਊ ਜੀ ਦੇ ਛੋਟੇ ਲੜਕੇ ਜੁਗਿੰਦਰ ਸਿੰਘ ਨਾਲ ਕਰ ਦਿਤਾ।

**ਮੋਹਨਪੁਰੇ ਸਮਾਗਮ–**

ਸ: ਅਮਰ ਸਿੰਘ ਜੀ ਮੋਹਨਪੁਰੇ ਵਾਲੇ ਇਲਾਕੇ ਦੇ ਉਘੇ ਅਕਾਲੀ ਸਿੰਘ ਸਨ ਅਤੇ ਪੰਥ ਪ੍ਰਸਿਧ ਆਗੂ ਸ: ਤੇਜਾ ਸਿੰਘ ਸਮੁੰਦਰੀ ਦੇ ਨਿਕਟਵਰਤੀ ਮਿਤਰ ਪਿਆਰੇ ਸਨ। ਇਨ੍ਹਾਂ ਦੇ ਨਾਨਕੇ ਦਾਸਰੇ ਲੇਖਕ (ਠਾਕਰ ਸਿੰਘ) ਦੇ ਪਿੰਡ ਸਰਲੀ ਵਿਖੇ ਹੋਣ ਕਰਕੇ, ਇਹ ਮੇਰੇ ਪਿਤਾ ਜੀ ਦੇ ਛੋਟੀ ਉਮਰ ਤੋਂ ਮਿਤਰ ਸਨ। ਜਦੋਂ ਉਨ੍ਹਾਂ ਨੇ ਜਾਮਾਰਾਏ ਵਾਲੇ ਗੁਰਮਤਿ ਸਮਾਗਮ ਦੀ ਮਹਿਮਾ ਵੇਖੀ ਸੁਣੀ ਤਾਂ ਬਹੁਤ ਪ੍ਰਭਾਵਤ ਹੋਏ। ਜਾਮਾਰਾਏ ਵਾਲੇ ਸ: ਰਛਪਾਲ ਸਿੰਘ ਦੇ ਪਰਵਾਰ ਨਾਲ ਇਨ੍ਹਾਂ ਦਾ ਗੂੜ੍ਹਾ ਮੇਲ-ਮਿਲਾਪ ਸੀ।

ਸ: ਅਮਰ ਸਿੰਘ ਜੀ ਨੇ ਦਾਸ ਦੇ ਪਿਤਾ (ਸ: ਵਰਿਆਮ ਸਿੰਘ ਜੀ) ਨੂੰ ਪੱਤਰ ਲਿਖਿਆ ਕਿ ਵਡੇ ਕਾਕੇ ਦਾ ਅਨੰਦ ਕਾਰਜ ਆਉਂਦੇ ਮਹੀਨੇ ਹੋਣਾ ਨੀਯਤ ਹੋਇਆ ਹੈ। ਆਪ ਜੀ ਦੇ ਛੋਟੇ ਵੀਰ ਪੈਨਸ਼ਨ ਆ



www.AKJ.Org

ਗਏ ਹੋਏ ਹਨ, ਉਨ੍ਹਾਂ ਨੂੰ ਮੇਰੇ ਵਲੋਂ ਬੇਨਤੀ ਕਰੋ ਕਿ ਮੋਹਨਪੁਰੇ ਅਨੰਦ ਕਾਰਜ ਤੋਂ ਪਹਿਲਾਂ ਸ੍ਰੀ ਅਖੰਡਪਾਠ ਤੇ ਅੰਮ੍ਰਿਤ-ਸਿੰਚਾਰ ਸਮਾਗਮ ਕੀਤਾ ਜਾਵੇ, ਜਿਸ ਵਿਚ ਸਾਰੇ ਪਰਵਾਰ ਨੂੰ ਅੰਮ੍ਰਿਤ ਦੀ ਦਾਤ ਮਿਲੇ। ਫਿਰ ਤੁਸਾਂ ਤੇ ਬਾਊ ਮੱਲ ਸਿੰਘ ਜੀ ਨੇ ਬਰਾਤ ਵਿਚ ਸ਼ਾਮਲ ਹੋਣ ਦੀ ਕਿਰਪਾ ਕਰਨੀ। ਇਸ ਬਰਾਤ ਵਿਚ ਸਰਦਾਰ ਸਮੁੰਦਰੀ ਅਤੇ ਜਾਮਾਰਾਈਏ ਸਰਦਾਰ ਰਛਪਾਲ ਸਿੰਘ, ਹਜ਼ਾਰਾ ਸਿੰਘ, ਕਰਤਾਰ ਸਿੰਘ (ਸੈਸ਼ਨ ਜਜ) ਅਤੇ ਸ: ਸੋਹਣ ਸਿੰਘ ਜੀ ਪਿੰਡ ਪਖੋਕੇ ਵਾਲੇ ਵੀ ਸ਼ਾਮਲ ਹੋ ਰਹੇ ਹਨ।

ਪਿਤਾ ਜੀ ਨੇ ਇਹ ਪੱਤਰ ਸ੍ਰੀ ਬਾਊ ਜੀ ਨੂੰ ਪੜ੍ਹਾਇਆ ਤਾਂ ਉਨ੍ਹਾਂ ਨੇ ਅਨੰਦ ਕਾਰਜ ਤੋਂ ਪਹਿਲਾਂ ਸਮਾਗਮ ਦੀਆਂ ਤਰੀਕਾਂ ਨੀਯਤ ਕਰ ਦਿਤੀਆਂ। ਨੀਯਤ ਸਮੇਂ ਤੇ ਜਾਮਾਰਾਏ ਸਮਾਗਮ ਵਾਲਾ ਸਾਰਾ ਜਥਾ ਮੋਹਨਪੁਰੇ ਪੁਜ ਗਿਆ। ਮਰਯਾਦਾ ਅਨੁਸਾਰ ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡ ਪਾਠ ਅਰੰਭ ਹੋ ਗਿਆ। ਜਾਮਾਰਾਈਏ ਸਰਦਾਰਾਂ ਦਾ ਸਾਰਾ ਪਰਵਾਰ ਪਹਿਲੇ ਦਿਨ ਹੀ ਪੁਜ ਗਿਆ ਅਤੇ ਲੰਗਰ ਦੀ ਸੇਵਾ ਲਈ ਤਤਪਰ ਹੋ ਗਿਆ। ਕੜਾਹ ਪ੍ਰਸ਼ਾਦ ਦੀ ਸੇਵਾ ਬਾਬਾ ਉਜਾਗਰ ਸਿੰਘ ਜੀ ਨੇ ਬੜੀ ਸ਼ਰਧਾ ਭਾਵਨੀ ਤੇ ਪੂਰੀ ਮਰਯਾਦਾ ਨਾਲ ਨਿਭਾਈ। ਅਨੰਦ ਸਾਹਿਬ ਦੇ ਪੂਰੇ ਪਾਠ ਦੇ ਪ੍ਰਵਾਹ ਦੇ ਨਾਲ ਨਾਲ ਪੂਰੀ ਤਰ੍ਹਾਂ ਪਵਿਤਰਤਾ ਰਖ ਕੇ ਦੇਗ ਸਜਾਈ। ਇਸ ਦੇਗ ਨੂੰ ਛਕ ਕੇ ਸਾਰੀ ਸੰਗਤ ਨੇ ਅਲੌਕਿਕ ਸੁਆਦ ਮਾਣਿਆ। ਨਾਮ-ਅਭਿਆਸ ਦੇ ਸਾਸ ਗਿਰਾਸੀ ਵੇਗ ਵਿਚ ਬਾਣੀ ਪੜ੍ਹਦਿਆਂ ਪੂਰਨ ਗੁਰਮਤਿ ਮਰਯਾਦਾ ਤੇ ਪਵਿਤਰਤਾ ਸਹਿਤ ਜੋ ਦੇਗ ਤਿਆਰ ਕੀਤੀ ਜਾਂਦੀ ਹੈ, ਉਸ ਵਿਚ ਅੰਮ੍ਰਿਤ-ਰਸ ਪੈਦਾ ਹੋ ਜਾਂਦਾ ਹੈ ਤੇ ਛਕਣ ਵਾਲਿਆਂ ਤੇ ਅੰਮ੍ਰਿਤ-ਕਲਾ ਵਰਤਦੀ ਹੈ।

ਲੰਗਰ ਤਿਆਰ ਕਰਦੀਆਂ ਬੀਬੀਆਂ ਗੁਰਬਾਣੀ ਦਾ ਪਾਠ ਜਾਂ ਗੁਰ ਮੰਤਰ ਦਾ ਜ਼ਾਪ ਕਰਦੀਆਂ ਸਨ। ਇਸੇ ਕਰਕੇ ਸਾਰੇ ਵਾਤਾਵਰਨ ਵਿਚ ਸਤ-ਸੰਤੋਖ ਵਰਤ ਰਿਹਾ ਸੀ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਆਸਾ ਦੀ ਵਾਰ ਦਾ ਕੀਰਤਨ ਅਰੰਭ ਹੋਇਆ। ਪੂਰਾ ਭੋਗ ਦੁਪਹਿਰ ਨੂੰ ਪਿਆ। ਫਿਰ ਅੰਮ੍ਰਿਤ-ਸਿੰਚਾਰ ਸਮਾਗਮ ਸ਼ੁਰੂ ਹੋਇਆ। ਇਸ ਪਰਵਾਰ ਦੇ ਨਾਲ ਹੀ ਇਲਾਕੇ ਦੇ ਵੀ ਕਈ ਅਭਿਲਾਖੀ ਸਜਣ, ਜਿਨ੍ਹਾਂ ਦੇ ਪੂਰਬ ਕਰੰਮੀ ਅੰਕੁਰ ਪ੍ਰਗਟ ਹੋ ਪਏ ਸਨ, ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਲਈ ਪੁਜ ਗਏ। ਸਾਰਾ ਸਮਾਗਮ ਕਾਫ਼ੀ ਰਾਤ ਗਈ ਤੇ ਸਮਾਪਤ ਹੋਇਆ। ਅਗਲੇ ਦਿਨ ਬਰਾਤ ਦੀ ਤਿਆਰੀ ਅਰੰਭ ਹੋਈ। ਸ: ਅਮਰ ਸਿੰਘ ਨੇ ਸ੍ਰੀ ਬਾਊ ਜੀ ਤੋਂ ਅਨੰਦ ਕਾਰਜ ਬਾਰੇ ਸਾਰੇ ਗੁਰਮਤੀ ਨਿਯਮ ਸੁਣ ਕੇ ਪਰਵਾਨ ਕਰ ਲਏ। ਸਾਰੇ ਮਿੱਤਰ ਪਿਆਰੇ ਸਮੁੰਦਰੀ ਜੀ ਸਮੇਤ ਬਰਾਤ ਵਿਚ ਸ਼ਾਮਲ ਹੋਏ। ਬਰਾਤ ਘੋੜੀਆਂ ਉਪਰ ਜਾ ਰਹੀ ਸੀ। ਨਾ ਵਾਜਾ ਗਾਜਾ, ਨਾ ਆਤਸ਼ਬਾਜ਼ੀ, ਕੋਈ ਮਨਮਤ ਨਹੀਂ ਸੀ। ਪੂਰਨ ਗੁਰਮਤੀ ਠਾਠ-ਬਾਠ ਸੀ। ਬਰਾਤ ਪਿੰਡ ਚਕ-ਮੇਹਰ ਪੁਜੀ ਤਾਂ ਅਗੋਂ ਪਿੰਡ ਦੇ ਪਤਵੰਤਿਆਂ ਨੇ ਸ਼ਬਦ-ਕੀਰਤਨ ਦੁਆਰਾ ਬਰਾਤੀਆਂ ਦਾ ਸੁਆਗਤ ਕੀਤਾ ਅਤੇ ਅਰਦਾਸ ਪਿਛੋਂ ਨਿਵਾਸ-ਅਸਥਾਨ ਤੇ ਪੁਜ ਗਏ। ਬਿਬੇਕ-ਪਰਸ਼ਾਦ ਦਾ ਪਰਬੰਧ ਪਿੰਡ ਦੀ ਇਕ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਬੀਬੀ ਦੇ ਗ੍ਰਿਹਿ ਵਿਖੇ ਸੀ।

ਅਨੰਦ ਕਾਰਜ ਸਮੇਂ ਸ੍ਰੀ ਬਾਊ ਜੀ ਨੇ ਜੋੜੀ ਨੂੰ ਗੁਰਮਤਿ ਸਿਖਿਆ ਦਿਤੀ ਤੇ ਲਾਵਾਂ ਹੋ ਕੇ ਅਰਦਾਸ ਹੋਈ। ਹੁਣ ਵਾਂਗ ਨਾ ਸਿਹਰੇ ਸਿਖਿਆ ਪੜ੍ਹੀਆਂ ਗਈਆਂ, ਨਾ ਕੋਈ ਸਿਰ-ਵਾਰਨੇ ਹੋਏ, ਅਤੇ ਨਾ ਹੋਰ ਕੋਈ ਮਨਮਤ ਹੋਈ। ਸਾਰਾ ਸਮਾਗਮ ਬੜੇ ਅਨੰਦ ਵਿਚ ਪੂਰਨ ਗੁਰਮਤਿ ਸਹਿਤ ਸਮਾਪਤ ਹੋਇਆ ਅਤੇ ਸ਼ਾਮ ਨੂੰ ਵਾਪਸ ਮੋਹਨਪੁਰੇ ਪੁਜ ਗਏ। ਅਗਲੇ ਦਿਨ ਸਵੇਰੇ ਜਥੇ ਦੇ ਗੁਰੂ ਪਿਆਰੇ ਸ੍ਰੀ ਅੰਮ੍ਰਿਤਸਰ ਜੀ ਲਈ ਤਿਆਰ ਹੋ ਗਏ ਤਾਂ ਸ: ਤੇਜਾ ਸਿੰਘ ਜੀ ਸਮੁੰਦਰੀ, ਸ੍ਰੀ ਬਾਊ ਜੀ ਦੀ ਰਹਿਣੀ ਬਹਿਣੀ, ਕੀਰਤਨ, ਪਾਠ, ਸਿਮਰਨ ਤੇ ਗੁਰਮਤਿ ਰਹੁ-ਰੀਤ ਤੋਂ ਬਹੁਤ ਪ੍ਰਭਾਵਤ ਹੋਏ। ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਚੁਕੀ ਸੀ। ਉਨ੍ਹਾਂ ਨੇ ਸ੍ਰੀ ਬਾਊ ਜੀ ਨੂੰ ਬੇਨਤੀ ਕੀਤੀ ਕਿ ਹੁਣ ਇਸ ਲਹਿਰ ਵਿਚ ਸਾਡੇ ਨਾਲ ਸ਼ਾਮਲ ਹੋਵੋ ਤੇ ਸੇਵਾ ਵਿਚ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ। [ਚਲਦਾ]



www.AKJ.Org

# ਬਾਬਾ ! ਮੂਰਖ ਹਾਂ

[ਵਲੋਂ—ਭਾਈ ਗੁਰਮੁਖ ਸਿੰਘ ਜੀ, ਪ੍ਰਿੰਸੀਪਲ, ਗੁਰਮਤਿ ਕਾਲਜ, ਪਟਿਆਲਾ]

**ਨੋਟ** :–ਇਹ ਵਾਰਤਾ "ਕਥੜੀਆਂ ਸੰਤਾਹ" ਵਿਚਲੀ ਇਕ ਘਟਨਾ ਦੇ ਅਧਾਰ ਤੇ ਹੈ। ਇਸ ਵਿਚ ਪੜ੍ਹੇ ਲਿਖੇ ਵਰਗ ਦੀ ਮਾਨਸਿਕ ਦਸ਼ਾ ਦਾ ਬਿਆਨ ਹੈ। ਵਿਦਿਆ ਦੇ ਮਾਣ ਵਿਚ ਵਿਚਰਦਿਆਂ 'ਕੜ੍ਹਦੀ ਕਲਾ' ਹੋ ਸਕਦੀ ਹੈ, ਚੜ੍ਹਦੀ ਕਲਾ ਨਹੀਂ। ਚੜ੍ਹਦੀ ਕਲਾ ਤਾਂ ਨਿਮਰਤਾ ਤੇ ਭੈ-ਭਾਵਨੀ ਵਿਚ ਲੋਕਾਂ ਭਾਣੇ ਮੂਰਖ ਬਣੇ ਰਹਿ ਕੇ ਹੀ ਪ੍ਰਾਪਤ ਹੋ ਸਕਦੀ ਹੈ।

ਗੁਰਮਤਿ ਦਸਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਸਜੇ ਨਾਮ-ਰੰਗ-ਰਤੇ ਪੰਚਾਂ ਪਾਸ ਹਾਜ਼ਰ ਹੋ ਕੇ, ਜੇ ਸਹਸ ਸਿਆਣਪਾਂ ਛਡ ਕੇ, ਨਿਮਰੀਭੂਤ ਹੋ ਕੇ ਭੈ-ਭਾਵਨੀ ਵਿਚ ਅੰਮ੍ਰਿਤ ਦੀ ਜਾਚਨਾ ਕੀਤੀ ਜਾਏ ਤਾਂ ਹੀ ਸਤਿਗੁਰੂ ਦੀ ਕਿਰਪਾ ਦੁਆਰਾ ਨਾਮ-ਅੰਮ੍ਰਿਤ ਦੀ ਚੜ੍ਹਦੀ ਕਲਾ ਪ੍ਰਾਪਤ ਹੋ ਸਕਦੀ ਹੈ। ਕਿਸੇ ਇਕੱਲੇ ਦੁਕੱਲੇ ਨੂੰ ਨਾ ਅਧਿਕਾਰ ਹੈ ਤੇ ਨਾ ਹੀ ਸਮਰੱਥਾ ਹੈ।

–ਸੰਪਾਦਕ

ਗੋਰੰਗ ਸੁਆਮੀ ਬੰਗਾਲ ਦੇ ਬਹੁਤ ਪ੍ਰਸਿੱਧ ਮਹਾਤਮਾ ਹੋਏ ਹਨ। ਓਨ੍ਹਾਂ ਦੇ ਬਚਪਨ ਦੀ ਸਭ ਤੋਂ ਵਚਿਤਰ ਗੱਲ ਇਹ ਸੀ ਕਿ ੧੬ ਬਰਸ ਦੀ ਉਮਰ ਵਿੱਚ ਹੀ ਉਹ ਚਾਰੇ ਵੇਦਾਂ ਅਤੇ ਛੇ ਸ਼ਾਸਤਰਾਂ ਦੇ ਗਿਆਤਾ ਹੋ ਗਏ ਸਨ। ਇਹ ਇਕ ਗ਼ੈਰ-ਕੁਦਰਤੀ ਅਚੰਭਾ ਸੀ, ਅਤੇ ਇਹੋ ਜਿਹੇ ਕੁਦਰਤ ਦੇ ਚਮਤਕਾਰ ਕਦੀ ਕਦਾਈਂ ਵੇਖਣ ਵਿੱਚ ਆਉਂਦੇ ਹਨ।

ਬੰਗਾਲ ਦੇ ਚੱਪੇ ਚੱਪੇ ਤੋਂ ਅਤੇ ਗਵਾਂਢੀ ਪ੍ਰਾਂਤਾਂ ਦੇ ਬੜੇ ਬੜੇ ਪੰਡਿਤ ਉਸ ਛੋਟੀ ਬਰੇਸ ਦੇ ਅਦਭੁਤ ਬਾਲਕ ਗੋਰੰਗ ਸੁਆਮੀ ਜੀ ਦੇ ਦਰਸ਼ਨ ਕਰਨ ਲਈ ਆਉਂਦੇ ਅਤੇ ਉਸ ਦੇ ਵਖਿਆਨ ਸੁਣ ਸੁਣ ਕੇ ਹੈਰਾਨ ਹੋ ਜਾਂਦੇ।

ਗੋਰੰਗ ਸੁਆਮੀ ਜੀ ਭਾਰਤ ਦੇ ਇਕ ਮਹਾਨ ਵਿਦਵਾਨ ਦੇ ਤੌਰ ਤੇ ਸਤਿਕਾਰੇ ਜਾਣ ਲਗ ਪਏ। ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਉਨ੍ਹਾਂ ਦੇ ਦਰਸ਼ਨ ਕਰਦੇ ਅਤੇ ਉਹਨਾਂ ਦੀ ਵਿਦਿਆ ਦੇ ਅਮੁਕ ਭੰਡਾਰੇ ਵਿਚੋਂ ਆਪੋ ਆਪਣੀ ਬੁਧੀ ਅਨੁਸਾਰ ਕੁਝ ਨ ਕੁਝ ਪਰਾਪਤ ਕਰਦੇ। ਗੋਰੰਗ ਸੁਆਮੀ ਜੀ ਨੇ ਬੰਗਾਲ ਅਤੇ ਦੇਸ਼ ਦੇ ਦੂਜੇ ਭਾਗਾਂ ਦਾ ਰਟਨ ਕਰਨਾ ਸ਼ੁਰੂ ਕੀਤਾ ਤੇ ਦੂਰ ਦੂਰ ਆਪਣੀ ਵਿਦਵਤਾ ਦਾ ਸਿੱਕਾ ਜਮਾਇਆ।

ਵਿਆਖਿਆਕਾਰ ਦੀ ਜ਼ਿੰਦਗੀ ਦੇ ਵਿਕਾਸ ਦਾ ਅਗਲਾ ਪੜਾਅ ਵਾਦ-ਵਿਵਾਦ ਹੈ। ਪੁਰਾਣੇ ਸਮਿਆਂ ਵਿੱਚ ਬੜੇ ਬੜੇ ਪਬਲਿਕ ਜਲਸਿਆਂ ਵਿੱਚ ਸੰਵਾਦ ਹੋਇਆ ਕਰਦੇ ਸਨ। ਪਿਛਲੀ ਸ਼ਤਾਬਦੀ ਵਿੱਚ ਸੁਆਮੀ ਦਇਆ ਨੰਦ ਆਰੀਆ ਸਮਾਜੀ ਭੀ ਤਾਂ ਇਸੇ ਤਰ੍ਹਾਂ ਆਪਣੀ ਵਿਦਵਤਾ ਦਾ ਪ੍ਰਚਾਰ ਕਰਦੇ ਸਨ। ਪੰਜਾਬ ਵਿੱਚ ਗਿਆਨੀ ਦਿੱਤ ਸਿੰਘ ਜੀ ਨੇ ਉਹਨਾਂ ਨੂੰ ਵਾਦ-ਵਿਵਾਦ ਵਿਚ ਦੋ ਵਾਰੀ ਹਰਾਇਆ ਸੀ।

ਗੋਰੰਗ ਸੁਆਮੀ ਜੀ ਭੀ ਹੁਣ ਤਕੜੇ ਵਾਦ-ਵਿਵਾਦੀ ਹੋ ਕੇ ਉਭਰੇ। ਦੂਰੋਂ ਨੇੜਿਓਂ ਵਿਦਵਾਨ ਆਉਂਦੇ ਤੇ ਉਹਨਾਂ ਦੀ ਵਿਦਿਆ ਦੇ ਚਮਤਕਾਰ ਸਾਹਮਣੇ ਮਾਤ ਪੈ ਪੈ ਜਾਂਦੇ। ਗੋਰੰਗ ਸੁਆਮੀ ਅੰਦਰ ਦਿਨੋ ਦਿਨ ਉਹ ਭਾਵਨਾ ਜਾਗ ਕੇ ਵਿਰਾਟ ਰੂਪ ਧਾਰਨ ਕਰਨ ਲਗ ਪਈ ਜਿਸਨੂੰ ਵਿਦਵਾਨ ਭਾਵੇਂ ਚੜ੍ਹਦੀ ਕਲਾ ਹੀ ਕਹਿੰਦੇ ਹੋਣ ਪਰ ਗੁਰੂ ਆਸ਼ੇ ਅਨੁਸਾਰ ਉਹ ਕੜ੍ਹਦੀ ਕਲਾ ਆਖੀ ਜਾਂਦੀ ਹੈ।

ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥੧॥ (੯) [ਆਸਾ ਕੀ ਵਾਰ ਮ: ੧]

ਕੜ੍ਹਦੀ-ਕਲਾ ਦੀ ਵੀ ਆਪਣੀ ਕਿਸਮ ਦੀ ਇਕ ਮਸਤੀ ਹੁੰਦੀ ਹੈ, ਜਿਸਨੂੰ ਆਮ ਸਾਧਾਰਨ ਬੁਧੀ ਵਾਲਾ ਵਿਅਕਤੀ ਕਦੀ ਮਹਿਸੂਸ ਹੀ ਨਹੀਂ ਕਰ ਸਕਦਾ, ਪਰ ਜਿਸ ਉਤੇ ਇਹ ਕਲਾ ਅਕਾਲਪੁਰਖ ਵਲੋਂ



www.AKJ.Org

ਉਤਰਦੀ ਹੈ ਉਸ ਦੇ ਪੈਰ ਜ਼ਮੀਨ ਤੇ ਨਹੀਂ ਟਿਕਦੇ। ਉਹ ਜ਼ਮੀਨ ਤੋਂ ਗਿਠ ਗਿਠ ਉਚਾ ਟੁਰਦਾ ਹੈ। ਸੁਭਾਅ ਵਿੱਚ ਗਰਮ-ਮਿਜ਼ਾਜੀ ਆ ਜਾਂਦੀ ਹੈ। ਉਹ ਦੂਸਰੇ ਵਿਦਵਾਨਾਂ ਨੂੰ ਆਪਣੇ ਮੁਕਾਬਲੇ ਤੇ ਨੀਵਾਂ ਸਮਝਦਾ ਹੈ। ਤੇ ਸਾਧਾਰਨ ਬੁਧੀ ਦੇ ਲੋਕਾਂ ਨਾਲ ਉਹ ਗੱਲ ਕਰ ਕੇ ਵੀ ਰਾਜ਼ੀ ਨਹੀਂ ਹੁੰਦਾ।

ਗੋਰੰਗ ਸੁਆਮੀ ਤੇ ਜਦੋਂ ਕੜ੍ਹਦੀ ਕਲਾ ਦੀ ਅਵਸਥਾ ਆਈ ਤਾਂ ਉਸ ਨੇ ਆਪਾ ਚੀਨਣ ਦੀ ਥਾਂ ਆਪਣਾ ਆਪ ਪ੍ਰਗਟਾਉਣ ਲਈ ਇਹ ਧਾਰ ਲਈ ਕਿ ਮੈਂ ਭੀ ਸਿਕੰਦਰ ਮਹਾਨ ਵਾਂਗ ਜਗਤ-ਜੇਤੂ ਬਣਾਂ। ਸੁਆਮੀ ਜੀ ਵਾਦ-ਵਿਵਾਦ ਕਰਨ ਲਈ ਦੂਰ ਦੂਰ ਧਾ ਕੇ ਜਾਂਦੇ। ਜੈ ਜੈ ਕਾਰ ਦੀਆਂ ਧੁਨੀਆਂ ਹੁਣ ਉਹਨਾਂ ਦੀ ਆਤਮਾ ਦੀ ਖ਼ੁਰਾਕ ਬਣ ਗਈਆਂ। ਇਕ ਵਾਰੀ ਇਨ੍ਹਾਂ ਧੁਨੀਆਂ ਦੀ ਮਸਤੀ ਵਿੱਚ ਉਹ ਬੇੜੀ ਤੇ ਸੁਆਰ ਹੋ ਕੇ ਕਿਸੇ ਸ਼ਹਿਰ ਵਾਦ-ਵਿਵਾਦ ਲਈ ਜਾ ਰਹੇ ਸਨ। ਬੇੜੀ ਖਚਾ-ਖ਼ਚ ਭਰੀ ਹੋਈ ਸੀ। ਆਪ ਬੇੜੀ ਦੇ ਵਿਚਕਾਰ ਬੈਠਣ ਦੀ ਬਜਾਏ ਉਪਰਲੇ ਸਿਰੇ ਮਲਾਹ ਦੇ ਪਾਸ ਜਾ ਖੜੇ ਹੋਏ, ਜਿਥੋਂ ਬੇੜੀ ਵਿਚਲੀਆਂ ਸਭ ਸਵਾਰੀਆਂ ਦੇ ਦਰਸ਼ਨ ਹੁੰਦੇ ਸਨ। ਵਡੇ ਵਿਦਵਾਨ ਅੰਦਰ ਹਮੇਸ਼ਾ ਇਹ ਉਤਸ਼ਾਹ ਹੁੰਦਾ ਹੈ ਕਿ ਕੋਈ ਵਿਦਵਾਨ ਮਿਲੇ ਤੇ ਉਸ ਨਾਲ ਚੁੰਝ ਲੜਾਈ ਜਾਏ। ਸੋ ਗੋਰੰਗ ਸੁਆਮੀ ਨੇ ਬੇੜੀ ਚਲਣ ਤੋਂ ਬਾਅਦ ਉਸ ਵਿੱਚ ਸਵਾਰ ਮੁਸਾਫਰਾਂ ਤੇ ਇਕ ਘੋਖਵੀਂ ਤਕਣੀ ਤੱਕੀ। ਦੂਰ ਬੇੜੀ ਦੇ ਲਹਿੰਦੇ ਪਾਸੇ ਇਕ ਮਹਾਤਮਾ ਜੀ ਅਖਾਂ ਮੀਟੀ ਕਿਸੇ ਰੱਬੀ-ਰੰਗ ਵਿੱਚ ਬੈਠੇ ਸਨ। ਗੋਰੰਗ ਜੀ ਨੂੰ ਜਿਵੇਂ ਸ਼ਿਕਾਰ ਮਿਲ ਪਿਆ ਹੁੰਦਾ ਹੈ। ਬੇੜੀ ਵਿਚਦੀ ਮੁਸਾਫਰਾਂ ਦੀ ਭੀੜ ਨੂੰ ਚੀਰਦੇ ਹੋਏ ਗੋਰੰਗ ਜੀ ਸਮਾਧੀ-ਸਥਿਤ ਸੁਆਮੀ ਜੀ ਪਾਸ ਜਾ ਖੜੇ ਹੋਏ। ਕੁਝ ਦੇਰ ਉਡੀਕਿਆ ਕਿ ਸ਼ਾਇਦ ਹੁਣੇ ਸੁਆਮੀ ਜੀ ਅਖਾਂ ਖੋਲ੍ਹਣ, ਪਰ ਮੁੰਦੇ ਹੋਏ ਨੈਣ ਕਿਸੇ ਅੰਦਰੂਨੀ ਮਸਤੀ ਵਿਚ ਬੰਦ ਸਨ। ਉਹ ਨਾ ਖੁਲ੍ਹੇ। ਗੋਰੰਗ ਜੀ ਨੇ ਮਹਾਤਮਾ ਜੀ ਨੂੰ ਮੋਢੇ ਤੋਂ ਪਕੜ ਕੇ ਝੰਜੋੜਿਆ। ਮਸਤ ਨੈਣ ਖੁਲ੍ਹੇ ਤੇ ਗੋਰੰਗ ਸੁਆਮੀ ਵਲ ਮੁਸਕਰਾ ਕੇ ਤਕਿਆ। ਗੋਰੰਗ ਜੀ ਨੂੰ ਇਨ੍ਹਾਂ ਨਸ਼ਿਆਇਆਂ ਨੈਣਾਂ ਦਾ ਅਗੇ ਕਦੀ ਤਜਰਬਾ ਨਹੀਂ ਸੀ ਹੋਇਆ, ਅਤੇ ਨਾ ਹੀ ਇਸ ਮਸਤੀ ਦਾ ਜ਼ਿਕਰ ਪੁਸਤਕਾਂ ਵਿਚੋਂ ਕਿਤੇ ਮਿਲਦਾ ਹੈ।

ਮਹਾਤਮਾ ਜੀ ਬੋਲੇ, 'ਬੇਟਾ, ਕਿਆ ਬਾਤ ਹੈ?'' ਗੋਰੰਗ ਜੀ ਆਪਣੀ ਵਿਦਿਆ ਦੀ ਮਸਤੀ ਵਿੱਚ ਸਨ। ਉਤਰ ਦਿਤਾ, ''ਕਿਆ ਆਪ ਮੁਝੇ ਜਾਨਤੇ ਹੈਂ?''

ਮਹਾਤਮਾ ਨੇ ਗੋਰੰਗ ਜੀ ਦੇ ਸਵਾਲ ਵਿੱਚ ਬਹੁਤੀ ਦਿਲਚਸਪੀ ਨਾ ਦਿਖਾਈ ਤੇ ਉਤਰ ਵਜੋਂ ਸਿਰ ਹਿਲਾਇਆ, ''ਨਹੀਂ।'' ਤੇ ਅੱਖਾਂ ਫਿਰ ਮਿਟ ਗਈਆਂ।

ਗੋਰੰਗ ਜੀ ਇਸ ਤਰ੍ਹਾਂ ਹਾਰ ਖਾਣ ਵਾਲੇ ਨਹੀਂ ਸਨ। ਉਹਨਾਂ ਨੇ ਉਚੀ ਉਚੀ ਆਪਣਾ ਪ੍ਰੀਚਾ ਦੇਣਾ ਜ਼ਰੂਰੀ ਸਮਝਿਆ ਤੇ ਕਹਿਣਾ ਸ਼ੁਰੂ ਕਰ ਦਿਤਾ ਕਿ ਕਿਵੇਂ ਉਹਨਾਂ ਨੂੰ ੧੬ ਬਰਸ ਦੀ ਉਮਰ ਵਿੱਚ ਸਾਰੇ ਵੇਦ ਤੇ ਸ਼ਾਸਤਰ ਕੰਠ ਹੋ ਗਏ ਸਨ। ਤੇ ਹੁਣ ਉਹਨਾ ਦੀ ਉਮਰ ੨੫ ਵਰ੍ਹਿਆਂ ਦੀ ਸੀ। ਬੰਗਾਲ ਤੇ ਆਂਢ ਗੁਆਂਢ ਦੇ ਪ੍ਰਾਂਤਾਂ ਵਿੱਚ ਉਹਨਾਂ ਦੀ ਵਿਦਵਤਾ ਦਾ ਧਾਂਕ ਬੈਠੀ ਹੋਈ ਹੈ।

ਮਹਾਤਮਾ ਜੀ ਨੇ ਫਿਰ ਨੈਣ ਖੋਲ੍ਹੇ ਤੇ ਕੇਵਲ ਇਹ ਕਹਿ ਕੇ ਨੈਣ ਫਿਰ ਮੁੰਦ ਲਏ, ''ਬਹੁਤ ਅਛਾ ਹੂਆ।''

ਗੋਰੰਗ ਜੀ ਉਤਰ ਸੁਣ ਕੇ ਕੋਈ ਬਹੁਤੇ ਖ਼ੁਸ ਨਾ ਹੋਏ। ਤੇ ਸਗੋਂ ਮਹਾਤਮਾ ਜੀ ਤੋਂ ਸ਼ਾਸਤਰ ਦੀ ਕਿਸੇ ਧਾਰਾ ਦੀ ਦੁਹਾਈ ਪਾ ਕੇ ਮੰਗ ਕੀਤੀ, ''ਸ਼ਾਸਤਰ ਵਿਧੀ ਕੇ ਅਨੁਸਾਰ ਆਪ ਮੁਝੇ ਸਤਿਕਾਰ ਦੀਜੀਏ, ਮੁਝੇ ਆਸਨ ਦੀਜੀਏ, ਕਿਉਂਕਿ ਮੈਂ ਪ੍ਰਾਗੱਲਬ ਵਿਦਵਾਨ ਹੂੰ।'' ਵਿਦਵਾਨ ਹਮੇਸ਼ਾ ਆਪਣੇ ਅਧਿਕਾਰਾਂ ਬਾਰੇ ਜ਼ਿਆਦਾ ਸੁਚੇਤ ਹੁੰਦੇ ਹਨ ਤੇ ਹੱਕਾਂ ਦੀ ਰਾਖੀ ਲਈ ਪੂਰਾ ਜਤਨ ਕਰਦੇ ਹਨ।

ਮਹਾਤਮਾ ਜੀ ਨੇ ਹੁੰਗਾਰਾ ਭਰਿਆ, ਕੁਝ ਮੁਸਕਰਾਏ ਤੇ ਬੋਲੇ ''ਅਛਾ ਬੇਟਾ, ਆਪ ਮਹਾਂ ਵਿਦਵਾਨ



www.AKJ.Org

ਹੋਂਗੇ, ਪਰੰਤੂ ਮੇਰੀ ਨਜ਼ਰ ਮੇਂ ਤੋ ਆਪ ਮਹਾਂ ਮੂਰਖ ਹੀ ਹੈਂ ।''

ਸ੍ਰੀ ਗੋਰੰਗ ਸੁਆਮੀ ਜੀ ਦੀ ਜ਼ਿੰਦਗੀ ਵਿੱਚ ਇਹ ਪਹਿਲੀ ਵਾਰ ਸੀ ਕਿ ਕਿਸੇ ਦੂਜੇ ਮਨੁਖ ਨੇ ਉਸਨੂੰ ਸਤਿਕਾਰ ਦੇਣ ਦੀ ਬਜਾਏ ਮਹਾਂ ਮੂਰਖ ਕਿਹਾ ਹੋਵੇ। ਜਿਹੜਾ ਵਿਦਵਾਨ ਆਪਣੇ ਸੋਹਿਲੇ ਹੀ ਸੁਣਨ ਦਾ ਆਦੀ ਹੋਵੇ, ਉਸ ਲਈ ਅਪਮਾਨ ਸਹਿਣਾ ਹੋਰ ਭੀ ਮੁਸ਼ਕਲ ਹੋ ਜਾਂਦਾ ਹੈ। ਗੋਰੰਗ ਸੁਆਮੀ ਦੇ ਚਿਹਰੇ ਦਾ ਰੰਗ ਪਹਿਲਾਂ ਪੀਲਾ ਹੋਇਆ, ਫਿਰ ਲਾਲ ਤੇ ਉਸ ਵਿੱਚ ਕ੍ਰੋਧ ਦੀ ਕਾਲੀ ਕਾਲੀ ਚਮਕ ਦਿਸਣ ਲਗ ਪਈ। ਰੱਬੀ ਰੰਗ ਵਿੱਚ ਮਸਤ ਚਿਹਰੇ ਭੀ ਲਾਲ ਹੁੰਦੇ ਹਨ, ਪਰ ਉਹਨਾਂ ਵਿਚ ਵਿਸਮਾਦੀ ਲਿਸ਼ਕ ਹੁੰਦੀ ਹੈ, ਕ੍ਰੋਧ ਦੀ ਕਲਿਖਣ ਨਹੀਂ ਹੁੰਦੀ।

ਕ੍ਰੋਧ-ਵਸ ਹੋ ਕੇ ਗੋਰੰਗ ਗਰਜਵੀਂ ਆਵਾਜ਼ ਵਿੱਚ ਪੁਕਾਰਿਆ, ''ਮੈਂ ਇਤਨਾ ਬੜਾ ਵਿਦਵਾਨ ਹੂੰ, ਆਪ ਮੁਝੇ ਕੈਸੇ ਮੂਰਖ ਕਹਿਤੇ ਹੈਂ? ਆਪ ਨੇ ਮੇਰੇ ਅੰਦਰ ਕੌਨ ਸੀ ਮੂਰਖੋਂ ਵਾਲੀ ਬਾਤ ਦੇਖੀ ਹੈ?''

ਮਹਾਤਮਾ ਹੱਸ ਪਏ। ਰੱਬੀ ਖੇੜਾ ਹੋਰ ਚੀਜ਼ ਹੈ, ਵਿਦਿਆ ਦਾ ਖੇੜਾ ਹੋਰ ਹੁੰਦਾ ਹੈ। ਰੱਬੀ ਰੰਗ ਵਿੱਚ ਰਤੇ ਲੋਗ ਅਲਪਗ ਜੀਵਾਂ ਦੀਆਂ ਅਲਪਗ ਚਾਤਰੀਆਂ ਤੇ ਹਮੇਸ਼ਾ ਹੱਸ ਪੈਂਦੇ ਹਨ। ਗਿਆਨ ਵਿੱਚ ਹਾਸਾ ਹੈ, ਅਗਿਆਨਤਾ ਵਿੱਚ ਕ੍ਰੋਧ ਹੁੰਦਾ ਹੈ। ਪਿਆਰ ਨਾਲ ਉਸਨੂੰ ਕੋਲ ਬਿਠਾਇਆ ਤੇ ਕਰੁਣਾ ਭਰੇ ਲਹਿਜੇ ਵਿੱਚ ਗੋਰੰਗ ਸੁਆਮੀ ਨੂੰ ਕਹਿਣ ਲਗੇ, ''ਆਪ ਭਲੇ ਹੀ ਵਿਦਵਾਨ ਹੈਂ, ਪਰ ਮੈਂ ਆਪ ਕੋ ਤਬ ਵਿਦਵਾਨ ਮਾਨੂੰਗਾ ਜਬ ਆਪ ਕੇਵਲ ਏਕ ਅਖਰ ਇਸਤਰ੍ਹਾਂ ਮਨ ਮੇਂ ਦ੍ਰਿੜ੍ਹ ਕਰ ਲੇਂ ਕਿ ਵਹੁ ਆਪ ਕੋ ਕਿਸੀ ਵਕਤ ਭੀ ਨਾ ਭੂਲੇ। ਖਾਤੇ ਪੀਤੇ, ਸੋਤੇ ਜਾਗਤੇ, ਘੂਮਤੇ ਫਿਰਤੇ, ਹਰ ਸਮੇਂ ਵਹ ਅਖਰ ਆਪ ਕੇ ਮਨ ਮੇਂ ਯਾਦ ਰਹੇ। ਜਬ ਆਪ ਕੋ ਯਹ ਅਖਰ ਯਾਦ ਹੋ ਜਾਏਗਾ ਤੋ ਮੈਂ ਨ ਕੇਵਲ ਆਪ ਕੋ ਅਪਨੇ ਆਸਨ ਪਰ ਬਿਠਾਊਂਗਾ, ਬਲਕਿ ਮੈਂ ਤੋ ਆਪ ਕੋ ਡੰਡਵਤ ਪ੍ਰਣਾਮ ਕਰੂੰਗਾ।''

ਸ੍ਰੀ ਗੋਰੰਗ ਸੁਆਮੀ ਨੂੰ ਮਹਾਤਮਾ ਜੀ ਤੋਂ ਆਦਰ ਤੇ ਅਸ਼ੀਰਵਾਦ ਮਿਲਣ ਦੀ ਕੁਝ ਆਸ ਬਝ ਗਈ ਤੇ ਉਹ ਕਾਹਲੀ ਕਾਹਲੀ ਪੁਛਣ ਲਗਾ, ''ਮਹਾਤਮਾ ਜੀ, ਵਹੁ ਕੌਨ ਸਾ ਅਖਰ ਹੈ?''

ਸਾਧੂ ਨੇ ਕਿਹਾ, ''ਵਹੁ ਅਖਰ ਹੈ 'ਰਾਮ'।'' ਸ੍ਰੀ ਗੋਰੰਗ ਜੀ ਨੂੰ ਆਸ ਸੀ ਕਿ ਅਖਰ ਕੋਈ ਔਖਾ ਜਿਹਾ ਹੋਣਾ ਹੈ, ਜਿਸ ਦੇ ਦ੍ਰਿੜ੍ਹ ਕਰਨ ਵਿੱਚ ਸ਼ਾਇਦ ਬੜੀ ਮਿਹਨਤ ਕਰਨੀ ਪਵੇ, ਪਰ ਸਾਧੂ ਪਾਸੋਂ 'ਰਾਮ' ਅੱਖਰ ਸੁਣ ਕੇ ਉਹ ਬਹੁਤ ਹੀ ਨਿਰਾਸ਼ ਹੋਇਆ, ਕਿਉਂਕਿ ਉਸ ਨੇ ਰਾਮ ਰਾਮ ਜਪਣ ਦਾ ਉਪਦੇਸ਼ ਕਈ ਵਾਰੀ ਆਪਣੇ ਲੈਕਚਰਾਂ ਵਿੱਚ ਦਿਤਾ ਸੀ। ਇਹ ਕੋਈ ਨਵੀਂ ਗੱਲ ਨਹੀਂ ਸੀ। ਇਸ ਲਈ ਉਸ ਨੇ ਸ਼ੰਕੇ ਭਰੇ ਲਹਿਜੇ ਵਿਚ ਸਾਧੂ ਨੂੰ ਪੁਛਿਆ, ''ਮਹਾਰਾਜ, ਯਹ ਤੋ ਮੈਂ ਜਾਨਤਾ ਹੂੰ। ਇਸ ਕੇ ਆਗੇ ਕਿਆ ਹੋਤਾ ਹੈ?''

ਵਿਦਵਾਨ ਰਾਮ ਰਾਮ ਅਖਰ ਪੜ੍ਹ ਜ਼ਰੂਰ ਲੈਂਦੇ ਹਨ, ਪਰ ਉਹਨਾਂ ਨੂੰ ਦ੍ਰਿੜ੍ਹ ਨਹੀਂ ਹੁੰਦਾ, ਕਿਉਂਕਿ ਕੜ੍ਹਦੀ-ਕਲਾ ਨਾਮ ਦ੍ਰਿੜ੍ਹ ਨਹੀਂ ਹੋਣ ਦਿੰਦੀ। ਪਰ ਸਾਧੂ ਨਾਮ ਨੂੰ ਪਹਿਲਾਂ ਦ੍ਰਿੜ੍ਹ ਕਰਕੇ ਹਿਰਦੇ ਵਿੱਚ ਵਸਾਂਦੇ ਹਨ ਤੇ ਫਿਰ ਹੋਰਾਂ ਨੂੰ ਦ੍ਰਿੜ੍ਹ ਕਰਾ ਸਕਣ ਦੇ ਸਮਰਥ ਬਣਦੇ ਹਨ। ਉਹ ਨਾਮ ਦੀ ਲੰਬੀ ਚੌੜੀ ਵਿਆਖਿਆ ਨਹੀਂ ਕਰਨ ਲਗ ਪੈਂਦੇ। ਇਸ ਲਈ ਮਹਾਤਮਾ ਜੀ ਨੇ ਸ੍ਰੀ ਗੋਰੰਗ ਨੂੰ ਕੇਵਲ ਇਤਨਾ ਹੀ ਕਿਹਾ, ''ਆਪ ਪਹਿਲੇ ਇਸ ਅਖਰ ਕੋ ਅਪਨੇ ਹਿਰਦੇ ਮੇਂ ਦ੍ਰਿੜ੍ਹ ਕਰਕੇ ਧਾਰਨ ਕਰੋ, ਆਗੇ ਕੀ ਬਾਤ ਫਿਰ ਬਤਾਊਂਗਾ। ਇਸ ਕੇ ਆਗੇ ਅਉਰ ਕੁਛ ਨਹੀਂ ਕਹੂੰਗਾ।''

ਇਸ ਸਮੇਂ ਗੰਗਾ ਦਾ ਪਾਰਲਾ ਕੰਢਾ ਆ ਗਿਆ। ਬੇੜਾ ਕਿਨਾਰੇ ਲਗ ਗਿਆ। ਸਭ ਲੋਕੀਂ ਬੇੜੇ ਵਿਚੋਂ ਉਤਰ ਗਏ। ਸ੍ਰੀ ਗੋਰੰਗ ਜੀ ਨੇ ਇਸ ਛੋਟੇ ਜਿਹੇ ਸਫ਼ਰ ਵਿਚ ਸਾਧੂ ਦਾ ਸੰਗ ਜ਼ਰੂਰ ਕੀਤਾ, ਪਰ ਆਪਣੀ ਵਿਦਵਤਾ ਦੇ ਹੰਕਾਰ ਵਿੱਚ ਕੀਤਾ। ਉਸ ਦੇ ਅੰਦਰ ਰਾਮ ਨਾਮ ਦਾ ਬੀਜ ਜ਼ਰੂਰ ਪੈ ਗਿਆ, ਪਰ ਉਸ ਦੇ



www.AKJ.Org

ਪੁੰਗਰਨ ਲਈ ਭੋਇੰ ਅਜੇ ਤਿਆਰ ਨਹੀਂ ਸੀ।

ਸ੍ਰੀ ਗੌਰੰਗ ਸੁਆਮੀ ਉਤਰ ਕੇ ਆਪਣੇ ਟਿਕਾਣੇ ਪੁਜਾ। ਉਥੇ ਉਸ ਦੇ ਸ਼ਰਧਾਲੂਆਂ ਦੀ ਬੇਅੰਤ ਭੀੜ ਸੀ। ਜਾਂਦਿਆਂ ਹੀ ਆਪ ਚਰਚਾ-ਵਾਦ ਵਿੱਚ ਰੁਝ ਗਏ। ਦੋ ਤਿੰਨ ਘੰਟਿਆਂ ਦੀ ਚਰਚਾ ਤੋਂ ਬਾਅਦ ਸ੍ਰੀ ਗੌਰੰਗ ਜੀ ਜੇਤੂ ਹੋ ਕੇ ਨਿਤਰੇ, ਲੋਕਾਂ ਨੇ ਜੈ ਜੈਕਾਰ ਦੇ ਨਾਅਰੇ ਬੁਲੰਦ ਕੀਤੇ। ਰਾਤ ਨੂੰ ਜਦੋਂ ਉਹ ਏਕਾਂਤ ਵਿੱਚ ਆਪਣੇ ਬਿਸਤਰੇ ਤੇ ਬਿਰਾਜ ਰਹੇ ਸਨ ਤਾਂ ਅਚਾਨਕ ਉਹਨਾਂ ਨੂੰ ਬੇੜੇ ਵਾਲੇ ਮਹਾਤਮਾ ਦੇ ਦਸੇ 'ਅਖਰ' ਦਾ ਚੇਤਾ ਆਇਆ। ਉਸ ਏਕਾਂਤ ਵਿੱਚ ਆਪ ਨੇ ਉਸ ਅਖਰ ਨੂੰ ਚੇਤੇ ਕਰਨ ਦੀ ਸਮੱਸਿਆ ਤੇ ਡੂੰਘੀ ਵਿਚਾਰ ਕੀਤੀ। ਪਰ ਛੇਤੀ ਹੀ ਨੀਂਦ ਆ ਗਈ। ਸ੍ਰੀ ਗੌਰੰਗ ਜੀ ਦਿਨ ਭਰ ਦੇ ਥਕੇ ਹੋਏ ਸੀ, ਸੌਂ ਗਏ।

ਸਵੇਰੇ ਉੱਠੇ। ਨਿਤ ਦੀ ਕਿਰਿਆ ਸਾਧੀ। ਫਿਰ ਕਾਰ-ਵਿਹਾਰ ਵਿੱਚ ਰੁਝ ਗਏ। ਉਹ ਅਖਰ ਭੁਲ ਗਿਆ। ਦਰ-ਅਸਲ ਪੜ੍ਹਨਾ ਜਾਂ ਖੋਜ ਕਰਨਾ ਹੋਰ ਕਿਸਮ ਦਾ ਕਿੱਤਾ ਹੈ।

ਪੜਣਾ ਗੁੜਣਾ ਸੰਸਾਰ ਕੀ ਕਾਰ ਹੈ ਅੰਦਰਿ ਤ੍ਰਿਸਨਾ ਵਿਕਾਰੁ ॥
ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ (ਸਲੋਕੁ ਮ: ੩, ਪੰਨਾ ੬੫੦)

ਨਾਮ ਜਪਣਾ ਬਿਲਕੁਲ ਹੀ ਹੋਰ ਕਿਸਮ ਦਾ ਕੰਮ ਹੈ। ਗੌਰੰਗ ਜੀ ਪੜ੍ਹਨ ਪੜ੍ਹਾਣ ਦੇ ਕੰਮ ਵਿੱਚ ਤਾਂ ਬਹੁਤ ਹੁਸ਼ਿਆਰ ਸਨ, ਪਰ ਨਾਮ ਜਪਣਾ ਅਜੇ ਉਹਨਾਂ ਲਈ ਨਵਾਂ ਨਵਾਂ ਕੰਮ ਸੀ। ਇਸ ਲਈ ਕਈ ਵਾਰ ਚੇਤੇ ਕਰਨ ਦੇ ਬਾਵਜੂਦ ਭੀ ਉਹ ਭੁਲ ਭੁਲ ਜਾਂਦੇ। ਉਹ ਹੈਰਾਨ ਭੀ ਹੁੰਦੇ ਸਨ ਕਿ ਮਹਾਤਮਾ ਨੇ ਕੀ ਅੜਾਉਣੀ ਪਾ ਛਡੀ ਹੈ। ਗੱਲ ਕੁਝ ਵੀ ਨਹੀਂ, ਪਰ ਫਿਰ ਭੀ ਕੁਝ ਔਖੀ ਲਗੀ।

ਜਿਉਂ ਜਿਉਂ ਸਮਾਂ ਬੀਤਦਾ ਗਿਆ, ਗੌਰੰਗ ਜੀ ਨੂੰ ਮਹਿਸੂਸ ਹੋਣ ਲਗ ਪਿਆ ਕਿ ਬੇੜੇ ਵਾਲੇ ਮਹਾਤਮਾ ਜੀ ਸੁਘੜ ਸਿਆਣੇ ਸਨ ਤੇ ਮੈਨੂੰ ਉਹ ਠੀਕ ਹੀ ਕਹਿੰਦੇ ਸਨ ਕਿ ਮੈਂ ਮੂਰਖ ਹਾਂ। ਆਪਣੇ ਵਿਦਵਾਨ ਹੋਣ ਦਾ ਜੋ ਮਾਣ ਸੀ, ਉਸ ਨੂੰ ਭੀ ਬੜਾ ਧੱਕਾ ਵਜਾ ਕਿ ਇਤਨਾ ਵਡਾ ਵਿਦਵਾਨ ਹੋਵੇ ਤੇ ਇਕ ਅਖਰ ਨੂੰ ਯਾਦ ਨਾ ਕਰ ਸਕੇ। ਹੁਣ ਉਸ ਨੇ ਸਾਰੇ ਰੁਝੇਵੇਂ ਛਡ ਦਿਤੇ। ਸਾਰੇ ਵਾਦ-ਵਿਵਾਦ ਛਡ ਦਿਤੇ। ਜੰਗਲਾਂ ਨੂੰ ਚਲਾ ਗਿਆ। ਸਾਲਾਂ ਬਧੀ ਉਸ ਅਖਰ ਨੂੰ ਪਕਾਂਦਾ ਰਿਹਾ, ਪਰ ਅਖਰ ਨ ਪਕ ਸਕਿਆ। ਤੰਗ ਆ ਗਿਆ। ਮਨ ਨੇ ਹਾਰ ਮੰਨ ਲਈ ਕਿ ਇਹ ਮੇਰੇ ਵਸ ਦਾ ਕੰਮ ਨਹੀਂ। ਗੌਰੰਗ ਜੀ ਨੇ ਮਹਾਤਮਾ ਜੀ ਦੀ ਪਹਿਲੀ ਮਿਲਣੀ ਵਿੱਚ ਜਿਸ ਚਨੌਤੀ (Challange) ਨੂੰ ਖਿੜੇ ਮੱਥੇ ਪਰਵਾਨ ਕੀਤਾ ਸੀ, ਬਾਰ੍ਹਾਂ ਸਾਲਾਂ ਦੇ ਘੋਲ ਕਰਨ ਉਪਰੰਤ ਮਨ ਨੇ ਹਥਿਆਰ ਸੁਟ ਦਿਤੇ। ਮਨੁਖ ਜਦੋਂ ਇੰਜ ਹਾਰ ਜਾਂਦਾ ਹੈ ਤਾਂ ਛਿੱਤਾ ਜਿਹਾ ਪੈ ਜਾਂਦਾ ਹੈ। ਸ੍ਰੀ ਗੌਰੰਗ ਨੇ ਮਨ ਨਾਲ ਫੈਸਲਾ ਕਰ ਲਿਆ ਕਿ ਜੇ ਨਾਮ ਨਹੀਂ ਚੇਤੇ ਹੁੰਦਾ ਤਾਂ ਅਸਫਲਤਾ ਦਾ ਜੀਵਨ ਜੀਊਣ ਨਾਲੋਂ ਮੌਤ ਚੰਗੀ ਹੈ। ਰਾਮ ਨਾਮ ਹਿਰਦੇ ਵਿੱਚ ਵਸਾਣ ਲਈ ਬੜੀ ਮਿਹਨਤ ਕਰਨੀ ਪੈਂਦੀ ਹੈ। ਆਪਾ ਗਵਾਉਣਾ ਪੈਂਦਾ ਹੈ, ਗੁਰੂ ਦੇ ਭੈ ਤੇ ਪ੍ਰਭੂ ਦੇ ਪਿਆਰ ਨਾਲ ਮਨ ਅੰਦਰ ਉਹ ਭੋਇੰ ਤਿਆਰ ਹੁੰਦੀ ਹੈ ਜਿਸ ਨਾਲ ਰਾਮ ਨਾਮ ਦਾ ਬੀਜ ਪੁੰਗਰਦਾ ਹੈ। ਸ੍ਰੀ ਗੌਰੰਗ ਪਾਸ ਨਾ ਭੈ ਸੀ, ਨਾ ਭਾਉ ਸੀ, ਅਤੇ ਨਾ ਵੈਰਾਗ ਸੀ। ਹੱਠ ਦੀ ਤਪਸ਼ ਜ਼ਰੂਰ ਸੀ, ਜਿਸ ਨਾਲ ਬੀਜ ਨਹੀਂ ਸੀ ਜੰਮ ਰਿਹਾ।

ਹਾਰ ਕੇ ਉਹ ਗੰਗਾ ਜੀ ਵਲ ਤੁਰ ਪਿਆ, ਤਾਂ ਜੁ ਡੂੰਘੇ ਪਾਣੀ ਵਿੱਚ ਛਾਲ ਮਾਰ ਕੇ ਆਤਮ-ਹਤਿਆ ਕਰ ਲਵੇ। ਡੂੰਘੇ ਪਾਣੀ ਵਿੱਚ ਛਾਲ ਮਾਰਨ ਲਈ ਅਗਲੇ ਪਲ ਉਹ ਬੇੜੇ ਵਿੱਚ ਜਾ ਸਵਾਰ ਹੋਇਆ। ਉਹ ਐਨ ਉਸੇ ਥਾਂ ਖੜਾ ਹੋ ਗਿਆ ਜਿਸ ਥਾਂ ਉਹ ੧੨ ਸਾਲ ਪਹਿਲਾਂ ਖੜਾ ਹੋਇਆ ਸੀ। ਚਾਰ-ਚੁਫੇਰੇ ਉਸੇ ਤਰ੍ਹਾਂ ਦੇਖਿਆ, ਪਰ ਅਜ ਉਹ ਕਿਸੇ ਵਿਦਵਾਨ ਦੀ ਭਾਲ ਵਿੱਚ ਨਹੀਂ ਸੀ। ਸ਼ਾਇਦ ਉਹ ਉਸ ਬੇੜੇ ਵਿੱਚ ਸਵਾਰ ਯਾਤਰੀਆਂ ਨੂੰ ਅੰਤਮ ਵਾਰ ਵੇਖ ਕੇ ਸੰਸਾਰ-ਸਾਗਰ ਤੋਂ ਆਪਣੇ ਜਤਨਾਂ ਨਾਲ ਪਾਰ ਉਤਰਨਾ ਚਾਹੁੰਦਾ ਸੀ।


www.AKJ.Org

ਉਸ ਦੀ ਹੈਰਾਨੀ ਦੀ ਹਦ ਨਾ ਰਹੀ ਜਦੋਂ ਉਸ ਨੇ ਐਨ ਅਗਲੇ ਸਿਰੇ ਉਸੇ ਥਾਂ ਉਸੇ ਮਹਾਤਮਾ ਦੇ ਦਰਸ਼ਨ ਕੀਤੇ। ਕਈ ਵਾਰੀ ਜ਼ਿੰਦਗੀ ਵਿਚ ਇਹੋ ਜਿਹੇ (Coincidence) ਸੰਯੋਗ ਹੁੰਦੇ ਹਨ ਤੇ ਜ਼ਿੰਦਗੀ ਇਕ ਡਰਾਮਾ ਜਿਹੀ ਪਰਤੀਤ ਹੁੰਦੀ ਹੈ। ਗੋਰੰਗ ਸੁਆਮੀ ਦੀ ਅੰਤਮ ਇਛਾ ਭੀ ਇਹੋ ਸੀ ਕਿ ਜੇ ਕਿਧਰੇ ਉਹ ਮਹਾਤਮਾ ਜੀ ਮਿਲ ਪੈਣ ਤਾਂ ਉਨ੍ਹਾਂ ਤੋਂ ਆਪਣੀ ਵਿਦਵਤਾ ਦੇ ਕੀਤੇ ਫੋਕੇ ਗੁਮਾਨ ਦੀ ਖਿਮਾ ਜ਼ਰੂਰ ਮੰਗੇ ਤੇ ਉੱਚੀ ਉੱਚੀ ਆਖੇ, "ਬਾਬਾ, ਮੂਰਖ ਹਾਂ", "ਬਾਬਾ, ਮੂਰਖ ਹਾ"। ਅਜ ਦੇ ਬੇੜੇ ਦੇ ਸਫ਼ਰ ਨੇ ਇਸ ਅੰਤਮ ਇੱਛਾ ਨੂੰ ਅਚਨਚੇਤ ਹੀ ਪੂਰਾ ਕਰ ਦਿਤਾ।

ਸ੍ਰੀ ਗੋਰੰਗ ਜੀ ਉਸੇ ਤਰ੍ਹਾਂ ਭੀੜ ਨੂੰ ਚੀਰਦੇ ਹੋਏ ਮਹਾਤਮਾ ਜੀ ਪਾਸ ਪੁਜੇ। ਅਜ ਉਡੀਕ ਨਹੀਂ ਕੀਤੀ ਕਿ ਕਦੋਂ ਨੈਣ ਖੋਲ੍ਹਣ। ਧਾ ਕੇ ਉਹਨਾਂ ਦੇ ਚਰਨਾਂ ਤੇ ਸੀਸ ਰਖ ਦਿਤਾ। ਤੇ ਉਚੀ ਉਚੀ ਭੁੱਬਾਂ ਮਾਰ ਕੇ ਕਹਿਣ ਲਗ ਪਿਆ, "ਬਾਬਾ, ਮੂਰਖ ਹਾਂ, ਬਾਬਾ, ਮੂਰਖ ਹਾਂ।" ਵਿਦਵਾਨ ਗੋਰੰਗ ਜੀ ਨੂੰ ਮਹਾਤਮਾ ਦੇ ਕਹੇ ਬਚਨਾਂ ਤੇ ੧੨ ਸਾਲ ਬਾਅਦ ਯਕੀਨ ਆਇਆ ਕਿ ਉਹ ਸਚ-ਮੁਚ ਹੀ ਮੂਰਖ ਹੈ। ਉਸ ਦੇ ਨੇਤਰਾਂ ਵਿਚੋਂ ਜੋ ਜਲ ਜਾ ਰਿਹਾ ਸੀ, ਉਸ ਨੇ ਮਹਾਤਮਾ ਜੀ ਦੇ ਚਰਨ ਧੋ ਦਿਤੇ। ਉਸ ਦੇ ਅੰਦਰ ਗਰੀਬੀ ਸੀ, ਹਉਮੈ ਦਾ ਅਭਾਵ ਸੀ।

ਮਹਾਤਮਾ ਜੀ ਅਜ ਗੋਰੰਗ ਜੀ ਤੇ ਪ੍ਰਸੰਨ ਸਨ। ਉਹਨਾਂ ਦੇ ਮਸਤ-ਉਲ-ਮਸਤ ਨੈਣ ਖੁਲ੍ਹੇ। ਗੋਰੰਗ ਜੀ ਦੀ ਘਾਲ-ਕਮਾਈ ਦੀ ਵਿਥਿਆ ਸੁਣੀ। ਮਹਾਤਮਾ ਜੀ ਦੇ ਦਿਲ ਵਿਚ ਦਇਆ ਆਈ ਤੇ ਅਸੀਸ ਦਿਤੀ, "ਜਾਉ, ਅਬ ਤੁਮੇਂ ਵਹੁ ਅੱਖਰ ਬਿਲਕੁਲ ਨਹੀਂ ਭੂਲੇਗਾ।"

ਇਹ ਕਹਿਣ ਦੀ ਦੇਰ ਸੀ ਕਿ ਸ੍ਰੀ ਗੋਰੰਗ ਦੇ ਅੰਦਰ ਇਕ ਝਰਨਾਟ ਜਿਹੀ ਛਿੜ ਗਈ। ਰਾਮ ਨਾਮ ਮਨ ਅੰਦਰ ਵਸ ਗਿਆ। ਰਾਮ ਨਾਮ ਦੀ ਮਸਤੀ ਵਿਚ ਝੂਮ ਉਠਿਆ। ਹੁਣ ਉਸ ਨੂੰ ਕਿਸੇ ਕਠਨ ਸਾਧਨ ਕਰਨ ਦੀ ਲੋੜ ਨਹੀਂ ਸੀ ਰਹੀ। ਯਾਤਰਾ ਸਫਲ ਹੋ ਗਈ, ਬੇੜਾ ਪਾਰ ਹੋ ਗਿਆ। ਉਹ ਹੈਰਾਨ ਸੀ ਕਿ ਜਿਹੜਾ ਕੰਮ ਉਹ ੧੨ ਸਾਲ ਕਠਨ ਤਪ ਕਰਨ ਪਰ ਭੀ ਨਹੀਂ ਸੀ ਕਰ ਸਕਿਆ, ਸਾਧੂ ਦੇ ਇਕੋ ਬਚਨ ਨਾਲ ਉਹ ਪੂਰਨ ਹੋ ਗਿਆ।

ਕਿਵੇਂ ਹੋਇਆ ਤੇ ਕਿਉਂ ਹੋਇਆ, ਇਹ ਅਜੇ ਭੀ ਉਹ ਸੋਚ ਰਿਹਾ ਸੀ। ਪਰ ਰਾਮ ਨਾਮ ਦੀ ਮਸਤੀ ਨੇ ਹੁਣ ਉਸ ਦੀ ਕੜ੍ਹਦੀ ਕਲਾ ਮੁਕਾ ਦਿਤੀ। ਉਹ ਰਾਮ ਨਾਮ ਦੀ ਮਸਤੀ ਵਿਚ ਝੂਮ ਉਠਿਆ।

---

## ਪੁਰਾਣੇ ਅਮਾਨਤੀ ਲਾਈਫ ਮੈਂਬਰ

ਜਿਨ੍ਹਾਂ ਮੈਂਬਰਾਂ ਨੇ ਇਸ ਸਕੀਮ ਅਧੀਨ ਸੌ ਸੌ ਰੁਪਏ ਭੇਜੇ ਹੋਏ ਹਨ, ਅਤੇ ਵਧੇ ਰੇਟਾਂ ਅਨੁਸਾਰ ਪੰਜਾਹ ਪੰਜਾਹ ਰੁਪਏ ਹੋਰ ਨਹੀਂ ਭੇਜੇ, ਉਨ੍ਹਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਉਨ੍ਹਾਂ ਦਾ ਚੰਦਾ ਸਾਨੂੰ ਦਸ ਰੁਪਏ ਸਾਲ ਮਿਲ ਰਿਹਾ ਹੈ। ਚੰਦਾ 15/–ਰੁਪਏ ਸਾਲ ਹੋ ਚੁਕਾ ਹੈ ਅਤੇ ਇਸ ਅਮਾਨਤੀ ਰਕਮ ਦੇ ਸਾਲਾਨਾ ਸੂਦ ਵਿਚੋਂ ਅਸਾਂ ਕੇਵਲ ਚੰਦਾ ਹੀ ਲੈਣਾ ਹੈ, ਰਕਮ ਤਾਂ ਆਪ ਦੀ ਅਮਾਨਤ ਹੈ।

ਜਿਨ੍ਹਾਂ ਸਜਣਾਂ ਨੇ ਅਜੇ ਤਕ ਪੰਜਾਹ ਪੰਜਾਹ ਰੁਪਏ ਨਹੀਂ ਭੇਜੇ ਉਹ ਛੇਤੀ ਭੇਜਣ ਦੀ ਕਿਰਪਾ ਕਰਨ, ਤਾਕਿ ਉਨ੍ਹਾਂ ਦਾ ਪੂਰਾ ਚੰਦਾ 15/– ਰੁਪਏ ਸਾਲ ਅਸੀਂ ਬੈਂਕ ਪਾਸੋਂ ਵਸੂਲ ਕਰ ਸਕੀਏ।



www.AKJ.Org

# ਕੂੜੁ ਫਿਰੈ ਪਰਧਾਨੁ ਵੇ ਲਾਲੋ

## *ਸਿੰਘਾਂ ਤੇ ਤਸ਼ੱਦਦ ਦੀ ਕਹਾਣੀ ਅਖ਼ਬਾਰਾਂ ਦੀ ਜ਼ਬਾਨੀ*

ਮਈ ੧੯੮੨ ਦੇ ਅਖੀਰ ਵਿਚ ਪੱਟੀ ਵਿਖੇ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਬਾਜ਼ਾਰ ਵਿਚ ਗੋਲੀਆਂ ਚਲਾ ਕੇ ਦੋ ਨੌਜਵਾਨ ਮਾਰ ਦਿਤੇ ਗਏ ਅਤੇ ਕੁਝ ਨੂੰ ਫਟੜ ਕਰ ਦਿਤਾ ਗਿਆ। ਫਟੜਾਂ ਵਿਚੋਂ ਇਕ ਵਿਅਕਤੀ ਹਸਪਤਾਲ ਜਾ ਕੇ ਚਲ ਵਸਿਆ। ਅਖ਼ਬਾਰਾਂ ਦੀਆਂ ਮੁਢਲੀਆਂ ਖ਼ਬਰਾਂ ਵਿਚ ਸਰਕਾਰੀ ਹਲਕਿਆਂ ਵਲੋਂ ਦਸਿਆ ਗਿਆ ਸੀ ਕਿ ਪੱਟੀ ਦੇ ਇਸ ਗੋਲੀ-ਕਾਂਡ ਦਾ ਪਹਿਲੇ ਗੋਲੀ-ਕਾਂਡਾਂ ਨਾਲ ਕੋਈ ਸੰਬੰਧ ਨਹੀਂ, ਸਗੋਂ ਇਸ ਦਾ ਕਾਰਨ ਜ਼ਾਤੀ ਤਨਾਉ ਹੈ, ਅਤੇ ਫਿਰ ਇਹ ਭੀ ਕਿਹਾ ਗਿਆ ਕਿ ਕਾਤਲ ਪਾਰਟੀ ਵਿਚ ਕੁਝ ਪਾਕਿਸਤਾਨੀ ਸਨ ਤੇ ਕੁਝ ਭਾਰਤੀ, ਜੋ ਸਾਜ਼ਸ਼ ਪਿਛੋਂ ਬਾਰਡਰ ਪਾਰ ਕਰ ਗਏ। ਮਿਤੀ ੪ ਜੂਨ ਨੂੰ ਪੱਟੀ ਗੋਲੀ-ਕਾਂਡ ਦੇ ਸੰਬੰਧ ਵਿਚ ਪੁਲਿਸ ਵਲੋਂ ੧੧ ਅੰਮ੍ਰਿਤਧਾਰੀ ਸਿੰਘਾਂ ਨੂੰ ਨਾਮਜ਼ਦ ਕਰ ਕੇ ਇਸ਼ਤਿਹਾਰੀ ਮੁਜਰਮ ਕਰਾਰ ਦਿਤਾ ਗਿਆ ਅਤੇ ਦਸ ਦਸ ਹਜ਼ਾਰ ਰੁਪਏ ਸਿਰਾਂ ਦੇ ਇਨਾਮ ਰਖੇ ਗਏ। ਇਸ ਸੰਬੰਧ ਵਿਚ ਥਾਂ-ਪਰ-ਥਾਂ ਤੋਂ ਬੇਦੋਸ਼ੇ ਸਿੰਘਾਂ ਦੀ ਫੜੋ ਫੜੀ ਜਾਰੀ ਹੋ ਗਈ। ਬੇਦੋਸ਼ੇ ਸਿੰਘਾਂ ਤੇ ਅਤਿਆਚਾਰ ਤੇ ਬੇਇੰਤਹਾ ਤਸ਼ੱਦਦ ਦਾ ਦੌਰ ਜਾਰੀ ਹੈ।

ਪੁਲਿਸ ਨੇ ਪ੍ਰਮੁਖ ਤੌਰ ਤੇ ਅਖੰਡ ਕੀਰਤਨੀ ਜਥੇ ਦੇ ਨਿਰਦੋਸ਼ ਸਿੰਘਾਂ ਨੂੰ ਨਿਸ਼ਾਨਾ ਬਣਾਇਆ ਹੋਇਆ ਹੈ, ਹਾਲਾਂਕਿ ਅਖੰਡ ਕੀਰਤਨੀ ਜਥੇ ਦਾ ਕੋਈ ਰਾਜਨੀਤਕ ਨਿਸ਼ਾਨਾ ਨਹੀਂ ਹੈ। ਅਤੇ ਨਾ ਹੀ ਇਹ ਸਿੰਘ ਅਤਿ-ਵਾਦੀ ਰੁਚੀ ਰਖਦੇ ਹਨ। ਇਹ ਸਰਬੱਤ ਦਾ ਭਲਾ ਲੋਚਦੇ ਹਨ। ਇਹ ਸਿੰਘ ਅਮਨ-ਪਸੰਦ ਸ਼ਹਿਰੀਆਂ ਵਾਂਗ ਭਾਰਤ ਵਿਚ ਰਹਿ ਕੇ ਗੁਰਬਾਣੀ ਦੇ ਕੀਰਤਨ, ਸ੍ਰੀ ਆਖੰਡ-ਪਾਠ ਅਤੇ ਅੰਮ੍ਰਿਤ-ਸਿੰਚਾਰ ਦੁਆਰਾ ਗੁਰਮਤਿ ਜੀਵਨ ਜੀਣਾ ਤੇ ਪਰਚਾਰਨਾ ਹੀ ਲੋੜਦੇ ਹਨ। ਪਰ ਇਸ ਦੇ ਬਾਵਜੂਦ ਬੇਦੋਸ਼ੇ ਸਿੰਘਾਂ ਨੂੰ ਫੜ ਫੜ ਕੇ ਥਾਣਿਆਂ ਵਿਚ ਲਿਜਾ ਕੇ ਭਾਰੀ ਤਸ਼ੱਦਦ ਕੀਤੇ ਜਾ ਰਹੇ ਹਨ।

**੧੧ ਕਥਿਤ ਦੋਸੀਆਂ ਵਿਚੋਂ ਭਾਈ ਕੁਲਵੰਤ ਸਿੰਘ ਨੂੰ ਫੜ ਕੇ ਉਸ ਤੇ ਢਾਹੇ ਗਏ ਜ਼ੁਲਮਾਂ ਦੀ ਕਹਾਣੀ 'ਅਕਾਲੀ ਪਤ੍ਰਕਾ' ਦੇ ਅਧਾਰ ਤੇ ਇਉਂ ਹੈ।**

**ਅਕਾਲੀ ਪਤ੍ਰਕਾ, ਮਿਤੀ ੧੧ ਜੂਨ ੧੯੮੨–**

**ਕਥਿਤ ਦੋਸ਼ੀ ਪੁਲਿਸ ਹਿਰਾਸਤ ਵਿਚੋਂ ਫ਼ਰਾਰ ਹੁੰਦਾ ਦਸਿਆ ਗਿਆ–**

ਅੰਮ੍ਰਿਤਸਰ ੧੦ ਜੂਨ (ਯੂ.ਐਨ. ਆਈ.–ਭਾਟੀਆ ਵਿਸ਼ੇਸ਼ ਪ੍ਰਤੀਨਿਧ)–ਪੱਟੀ ਗੋਲੀ ਕਾਂਡ ਦੇ ਕਥਿਤ ਦੋਸ਼ੀ ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਪਿੰਡ ਨਾਗੋਕੇ ਪੁਲਿਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ।

ਪੁਲਿਸ ਅਨੁਸਾਰ ਉਹ ਪੁਲਿਸ ਵਿਚੋਂ ਉਸ ਵੇਲੇ ਹਥਕੜੀ ਸਮੇਤ ਭਜ ਗਿਆ ਜਦੋਂ ਉਸ ਨੂੰ ਡਾਕਟਰੀ ਮੁਆਇਨੇ ਲਈ ਗੁਰੂ ਤੇਗ ਬਹਾਦਰ ਹਸਪਤਾਲ ਵਲ ਲਿਜਾਇਆ ਜਾ ਰਿਹਾ ਸੀ। ਉਸ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੀ ਛਾਤੀ ਵਿਚ ਦਰਦ ਹੈ। ਜਿਸ ਤੇ ਦੋ ਸਿਪਾਹੀ ਉਸ ਨੂੰ ਸਾਈਕਲ ਤੇ ਬਿਠਾ ਕੇ ਹਸਪਤਾਲ ਲੈ ਗਏ, ਇਹ ਅਜੇ ਕੰਪਨੀ ਬਾਗ ਦੇ ਕੋਲ ਹੀ ਪਹੁੰਚੇ ਸਨ ਕਿ ਕੁਲਵੰਤ ਸਿੰਘ ਉਹਨਾਂ ਨੂੰ ਚਕਮਾਂ ਦੇ ਕੇ ਦੌੜ ਗਿਆ। ਉਸ ਦੇ ਦੌੜਨ ਦਾ ਟਾਈਮ ਵਖੋ ਵੱਖਰਾ ਦੱਸਿਆ ਗਿਆ ਹੈ। ਸਾਡੇ ਪ੍ਰਤੀਨਿਧ ਅਨੁਸਾਰ ਇਹ ਘਟਨਾ ਰਾਤ ੧੨ ਵਜੇ ਵਾਪਰੀ ਜਦੋਂ ਕਿ ਯੂ. ਐਨ. ਆਈ. ਨੇ ਦੋ ਢਾਈ ਵਜੇ ਦਾ ਸਮਾਂ ਦਿਤਾ ਤੇ ਭਾਟੀਆ ਨੇ ਪੌਣੇ ਦੋ ਵਜੇ ਦਾ ਸਮਾਂ ਬਿਆਨ ਕੀਤਾ ਹੈ। ਇਤਲਾਹ ਮਿਲਦਿਆਂ ਹੀ ਪੁਲਿਸ ਦੇ ੨੦੦ ਸਿਪਾਹੀਆਂ ਨੇ ਪੁਲਿਸ ਅਧਿਕਾਰੀਆਂ ਦੀ ਅਗਵਾਈ ਵਿਚ ਕੰਪਨੀ ਬਾਗ ਨੂੰ ਘੇਰ ਲਿਆ ਤੇ ਕੁਲਵੰਤ ਸਿੰਘ ਦੀ ਤਲਾਸ਼ ਸ਼ੁਰੂ ਕਰ ਦਿਤੀ। ਪੁਲਿਸ ਨੂੰ ਸੰਦੇਹ ਸੀ ਕਿ ਉਹ ਕੰਪਨੀ ਬਾਗ ਵਿਚ ਹੈ ਤੇ ਪੁਲਿਸ ਨੇ



www.AKJ.Org

ਦੋਸ਼ੀ ਦੀ ਭਾਲ ਲਈ ਸਰਚ ਲਾਈਟਾਂ ਦੀ ਵਰਤੋਂ ਵੀ ਕੀਤੀ ਤੇ ਖੋਜੀ ਕੁੱਤੇ ਵੀ ਮੰਗਵਾਏ, ਪਰ ਦੋਸ਼ੀ ਦਾ ਕੋਈ ਪਤਾ ਨਹੀਂ ਲਗ ਸਕਿਆ। ਕੁਲਵੰਤ ਸਿੰਘ ਦੇ ਸਿਰ ਦਾ ਮੁਲ ੧੦ ਹਜ਼ਾਰ ਰੁਪੈ ਇਨਾਮ ਸਰਕਾਰ ਨੇ ਐਲਾਨ ਕਰ ਰਖਿਆ ਹੈ। ਉਹਨਾਂ ਬਲਵਿੰਦਰ ਸਿੰਘ ਨੂੰ ਇਕ ਹੋਰ ਕਥਿਤ ਦੋਸ਼ੀ ਦੇ ਨਾਲ ਤਰਨ ਤਾਰਨ ਦੀ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਜਾਣਾ ਸੀ। ਦੋ ਸਿਪਾਹੀ ਸੇਵਕ ਸਿੰਘ ਤੇ ਸੋਹਨ ਲਾਲ ਨੂੰ, ਜੋ ਕੁਲਵੰਤ ਸਿੰਘ ਨੂੰ ਲਿਜਾ ਰਹੇ ਸਨ, ਮੁਅਤਲ ਕਰ ਦਿਤਾ ਗਿਆ। ਪੁਲਿਸ ਨੇ ਕੇਸ ਦਰਜ਼ ਕਰਕੇ ਤਲਾਸ਼ ਸ਼ੁਰੂ ਕਰ ਦਿਤੀ ਹੈ। ਸਾਰੇ ਜ਼ਿਲੇ ਵਿਚ ਪੁਲਿਸ ਪਾਰਟੀਆਂ ਰਵਾਨਾ ਹੋ ਗਈਆਂ ਹਨ। ਕੇਸ ਧਾਰਾ ੨੨੩,੨,੫ ਅਤੇ ੨੨੫ ਏ. ਅਧੀਨ ਨਵਾਂ ਕੇਸ ਦਰਜ ਕੀਤਾ ਗਿਆ। ਹੁਣ ਦੋਸ਼ੀ ਦੀ ਗ੍ਰਿਫਤਾਰੀ ਲਈ ੧੦ ਹਜ਼ਾਰ ਰੁਪੈ ਦਾ ਨਵਾਂ ਇਨਾਮ ਰਖਿਆ ਜਾਏਗਾ।

ਭਾਟੀਆ ਅਨੁਸਾਰ ਇਸ ਘਟਨਾ ਦਾ ਵੇਰਵਾ ਜੋ ਹੁਣ ਤੱਕ ਪਤਾ ਲੱਗਾ ਹੈ, ਉਸਦੇ ਅਨੁਸਾਰ ਮੁਲਜ਼ਿਮ ਥਾਨਾ ਸਦਰ ਵਿਚ ਰੱਖਿਆ ਗਿਆ ਅਤੇ ਉਹ ਪੁਲਿਸ ਰਿਮਾਂਡ ਵਿਚ ਸੀ। ਕਲ੍ਹ ਉਸਨੂੰ ਤਰਨ ਤਾਰਨ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਇਆ ਗਿਆ ਅਤੇ ਸ਼ਾਮ ਨੂੰ ਫੇਰ ਹਵਾਲਾਤ ਵਿਚ ਬੰਦ ਕਰ ਦਿਤਾ ਗਿਆ। ਰਾਤ ਨੂੰ ਪੌਣੇ ਦੋ ਵਜੇ ਦੇ ਕਰੀਬ ਮੁਤਜ਼ਮ ਨੇ ਹਵਾਲਾਤ ਵਿਚ ਰੌਲਾ ਪਾਣਾ ਸ਼ੁਰੂ ਕਰ ਦਿਤਾ ਕਿ ਉਹ ਪੇਟ ਦਰਦ ਨਾਲ ਮਰ ਰਿਹਾ ਹੈ ਅਤੇ ਇਸ ਤੇ ਡਿਊਟੀ ਤੇ ਮੁਨਸ਼ੀ ਨੇ ਵਡੇ ਅਫਸਰਾਂ ਨੂੰ ਦਸੇ ਬਗੈਰ ਦੋਵਾਂ ਸਿਪਾਹੀਆਂ ਦੀ ਡਿਊਟੀ ਲਾ ਦਿਤੀ ਕਿ ਮੁਲਜ਼ਮ ਨੂੰ ਹਸਪਤਾਲ ਦੀ ਐਮਰਜੈਂਸੀ ਵਾਰਡ ਵਿਚ ਲੈ ਜਾਣ। ਦੋਵੇਂ ਸਿਪਾਹੀ ਉਸ ਨੂੰ ਇਕ ਹਥ ਵਿਚ ਹਥਕੜੀ ਲਾ ਕੇ ਹਸਪਤਾਲ ਲੈ ਆਏ। ਸਿਪਾਹੀਆਂ ਨੇ ਉਸ ਨੂੰ ਸਾਈਕਲ ਤੇ ਬਿਠਾ ਕੇ ਹਥਕੜੀ ਵੀ ਉਸ ਨੂੰ ਹੀ ਫੜਾ ਦਿਤੀ। ਜਦ ਉਹ ਕੰਪਨੀ ਬਾਗ ਦੇ ਨੇੜੇ ਮਹਾਰਾਜਾ ਰਣਜੀਤ ਸਿੰਘ ਦੇ ਅਜਾਇਬ ਘਰ ਦੇ ਸਾਹਮਣੇ ਪਹੁੰਚੇ ਤਾਂ ਮੁਲਜ਼ਮ ਨੇ ਫਿਰ ਸ਼ੋਰ ਮਚਾਉਣਾ ਸ਼ੁਰੂ ਕਰ ਦਿਤਾ ਅਤੇ ਸਿਪਾਹੀ ਦੇ ਮੂੰਹ ਤੇ ਹਥਕੜੀ ਮਾਰ ਕੇ ਦੌੜ ਗਿਆ। ਇਕ ਸਿਪਾਹੀ ਦੇ ਕੋਲ ਰਾਈ-ਫਲ ਸੀ, ਉਸ ਨੇ ਤਿੰਨ ਗੋਲੀਆਂ ਚਲਾਈਆਂ ਅਤੇ ਕਿਹਾ ਜਾਂਦਾ ਹੈ ਕਿ ਜਵਾਬੀ ਗੋਲੀ ਵੀ ਚਲੀ। ਪਰ ਇਸ ਦੀ ਤਸਦੀਕ ਨਹੀਂ ਹੋਈ। ਜਿਥੋਂ ਮੁਲਜ਼ਿਮ ਦੌੜਿਆ ਹੈ ਉਥੋਂ ੫੦ ਗਜ਼ ਦੀ ਦੂਰੀ ਤੇ ਅਜਾਇਬ ਘਰ ਤੇ ਪੁਲਿਸ ਦਾ ਹਥਿਆਰਬੰਦ ਪਹਿਰਾ ਹੈ। ਇਸਦੇ ਬਾਦ ਪੁਲਿਸ ਦੇ ਇਕ ਹਜ਼ਾਰ ਕਰਮਚਾਰੀ ਅਤੇ ਸੀ. ਆਰ. ਪੀ. ਵਾਲੇ ਕੰਪਨੀਬਾਗ ਪਹੁੰਚੇ। ਕੰਪਨੀਬਾਗ ਨੂੰ ਘੇਰੇ ਵਿਚ ਲੈ ਲਿਆ ਗਿਆ ਅਤੇ ਕੰਪਨੀਬਾਗ ਵਿਚ ਸੁਤੇ ਹੋਏ ਭੀਖ-ਮੰਗਿਆਂ ਤੇ ਰਾਈਫਲਾਂ ਤਾਣ ਲਈਆਂ। ਝਾੜੀਆਂ ਉਤੇ ਫਲੈਸ਼ ਲਾਈਟ ਵੀ ਸੁਟੀ ਗਈ ਅਤੇ ਚਾਰ ਘੰਟੇ ਦੀ ਤਲਾਸ਼ੀ ਦੇ ਬਾਦ ਮੁਲਜ਼ਿਮ ਨਾ ਮਿਲਿਆ। ਇਸ ਸਬੰਧ ਵਿਚ ਇਹ ਥਿਊਰੀ ਕਾਇਮ ਕੀਤੀ ਗਈ ਹੈ ਕਿ ਇਹ ਪਲਾਨ ਬਹੁਤ ਉਚੇ ਪੱਧਰ ਤੇ ਬਣਾਇਆ ਗਿਆ ਹੈ ਅਤੇ ਪੁਲਿਸ ਵਾਲਿਆਂ ਨੂੰ ਇਸ ਲਈ ਭਾਰੀ ਰਕਮ ਦਿਤੀ ਗਈ ਹੈ। ਨਹੀਂ ਤਾਂ ਇਤਨਾ ਖਤਰਨਾਕ ਮੁਲਜ਼ਿਮ ਰਾਤ ਦੇ ਪੌਣੇ ਦੋ ਵਜੇ ਇਹ ਸ਼ੋਰ ਮਚਾਏ ਕਿ ਉਸਦੇ ਪੇਟ ਵਿਚ ਦਰਦ ਹੋ ਰਹੀ ਹੈ ਅਤੇ ਉਸ ਨੂੰ ਦੋ ਸਿਪਾਹੀ ਲੈ ਕੇ ਹਸਪਤਾਲ ਆ ਜਾਣ, ਇਹ ਪਹਿਲੀ ਵਾਰ ਵੇਖਿਆ ਗਿਆ ਹੈ। ਮੁਲਜ਼ਿਮ ਦੇ ਸਾਥੀ ਕੰਪਨੀਬਾਗ ਦੇ ਨੇੜੇ ਇਸਦੇ ਇੰਤਜ਼ਾਰ ਵਿਚ ਸਨ, ਅਤੇ ਉਹ ਉਸਨੂੰ ਕਾਰ ਵਿਚ ਲੈ ਗਏ ਹਨ। ਸ਼ਹਿਰ ਵਿਚ ਅੱਜ ਪੁਲਿਸ ਅਤੇ ਕਾਤਲਾਂ ਦੀ ਮਿਲੀਭੁਗਤ ਦਾ ਹੀ ਚਰਚਾ ਹੈ।... ..

ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਬੁਲਾਰੇ ਨੇ ਪੁਲੀਸ ਦੇ ਦਾਅਵੇ ਤੇ ਸ਼ਕ ਪ੍ਰਗਟ ਕੀਤਾ ਹੈ ਅਤੇ ਪੁਲੀਸ ਤੇ ਸ: ਕੁਲਵੰਤ ਸਿੰਘ ਨੂੰ ਕਤਲ ਕਰ ਦੇਣ ਦਾ ਦੋਸ਼ ਲਾਇਆ ਹੈ।

ਪ੍ਰੈਸ ਨੂੰ ਜਾਰੀ ਕੀਤੇ ਬਿਆਨ 'ਚ ਬੁਲਾਰੇ ਨੇ ਕਿਹਾ ਹੈ ਕਿ ਲੋਕਾਂ ਨੂੰ ਗੁੰਮਰਾਹ ਕਰਨ ਲਈ ਪੁਲੀਸ ਸ: ਕੁਲਵੰਤ ਸਿੰਘ ਦੇ ਹੱਥਕੜੀ ਸਮੇਤ ਦੌੜ ਜਾਣ ਦੀ ਮਨਘੜਤ ਕਹਾਣੀ ਦਸ ਰਹੀ ਹੈ।



www.AKJ.Org

ਬੁਲਾਰੇ ਨੇ ਕਿਹਾ ਕਿ ਪੁਲੀਸ ਨੇ ੨੭ ਮਈ ਨੂੰ ਹੀ ਸ: ਕੁਲਵੰਤ ਸਿੰਘ ਨੂੰ ਖਲਚੀਆਂ ਤੋਂ ਉਸ ਵੇਲੇ ਪਕੜ ਲਿਆ ਸੀ ਜਦ ਉਹ ਏਰੋਨਾਰ ਠੀਕ ਕਰ ਰਿਹਾ ਸੀ, ਪਰ ਉਸ ਨੂੰ ਮਗਰੋਂ ਨਾਮਜ਼ਦ ਕਰਕੇ ਉਸ ਦੇ ਸਿਰ ਦਾ ਮੁਲ ੧੦ ਹਜ਼ਾਰ ਰੁਪੈ ਰਖਿਆ ਗਿਆ ਤੇ ਇਕ ਹਫਤਾ ਪਿਛੋਂ ੪ ਜੂਨ ਨੂੰ ਗ੍ਰਿਫਤਾਰੀ ਵਿਖਾਈ ਗਈ।

ਬੁਲਾਰੇ ਨੇ ਇਹ ਵੀ ਦਸਿਆ ਕਿ ਸ: ਸੁਖਦੇਵ ਸਿੰਘ ਦੇਸੂਵਾਲ ਦੇ ਪ੍ਰਵਾਰ ਤੇ ਪੁਲੀਸ ਬਹੁਤ ਤਸ਼ੱਦਦ ਕਰ ਰਹੀ ਹੈ ਅਤੇ ਉਸ ਦੇ ਚਾਚੇ ਦੇ ਪੁਤ ਭਰਾ ਸ: ਹਰਬੰਸ ਸਿੰਘ ਤੇ ਦਲਬੀਰ ਸਿੰਘ ਅਤੇ ਮਾਮੇ ਸ: ਬੰਤਾ ਸਿੰਘ ਤੇ ਹਰਬੰਸ ਸਿੰਘ ਨੂੰ ਵੀ ਪੁਲੀਸ ਪਕੜ ਕੇ ਲੈ ਗਈ।

ਸੁਖਦੇਵ ਸਿੰਘ ਦੇ ਸੋਹਰਿਆਂ ਤੋਂ ਸ: ਦਿਲਜੀਤ ਸਿੰਘ ਗੁਰਦੇਵ ਸਿੰਘ ਤੇ ਮਹਿੰਦਰ ਸਿੰਘ ਨੂੰ ਵੀ ਪੁਲੀਸ ਨੇ ਹਿਰਾਸਤ ਵਿਚ ਲੈ ਲਿਆ।

ਬੁਲਾਰੇ ਅਨੁਸਾਰ ਦੇਸੂਵਾਲ ਪਿੰਡ ਦੇ ਹੀ ਇਕ ਨੇਤਰਹੀਨ ਵਿਅਕਤੀ ਸ: ਅੰਗਰੇਜ਼ ਸਿੰਘ ਦੀ ਪੁਲੀਸ ਨੇ ਬਹੁਤ ਬੇਇਜ਼ਤੀ ਕੀਤੀ। ਵੈਰੋਵਾਲ ਦੇ ਬਜ਼ੁਰਗ ਸ: ਮੋਹਨ ਸਿੰਘ ਤੇ ਸ: ਨੰਦ ਸਿੰਘ ਵੀ ਪੁਲੀਸ ਦਾ ਸ਼ਿਕਾਰ ਹੋਣੋਂ ਨਹੀਂ ਬਚ ਸਕੇ।

ਇਸ ਸਿਲਸਿਲੇ ਵਿਚ ਸ਼ਰੋਮਣੀ ਅਕਾਲੀ ਦਲ ਦੇ ਸਕੱਤਰ ਸ: ਗੁਰਚਰਨ ਸਿੰਘ ਨੇ ਇਕ ਬਿਆਨ ਰਾਹੀਂ ਪੁਲੀਸ ਦੇ ਇਸ ਦਾਅਵੇ ਤੇ ਸ਼ਕ ਪ੍ਰਗਟ ਕੀਤਾ ਹੈ, ਜਿਸ ਰਾਹੀਂ ਉਸ ਨੇ 'ਪੱਟੀ ਕਾਂਡ' ਵਿਚ ਗ੍ਰਿਫਤਾਰ ਕੀਤੇ ਗਏ ਸ: ਕੁਲਵੰਤ ਸਿੰਘ ਨਾਗੋਕੇ ਦੇ ਪੁਲੀਸ ਹਿਰਾਸਤ ਵਿਚੋਂ ਦੌੜ ਜਾਣ ਦਾ ਜ਼ਿਕਰ ਕੀਤਾ ਹੈ। ਸ: ਗੁਰਚਰਨ ਸਿੰਘ ਨੇ ਕਿਹਾ ਕਿ ਪੁਲੀਸ ਵਲੋਂ ਘੜੀ ਗਈ ਕਹਾਣੀ ਸਰਾ ਸਰ ਝੂਠੀ ਤੇ ਗੁਮਰਾਹ ਕਰਨ ਵਾਲੀ ਹੈ। ਸ: ਗੁਰਚਰਨ ਸਿੰਘ ਨੇ ਸ਼ਕ ਜ਼ਾਹਰ ਕੀਤਾ ਕਿ ਕੁਲਵੰਤ ਸਿੰਘ ਪੁਲੀਸ ਦੇ ਅਨ-ਮਨੁਖੀ ਤਸ਼ੱਦਦ ਦਾ ਸ਼ਿਕਾਰ ਹੋਇਆ ਹੈ ਤੇ ਪੁਲੀਸ ਇਸ ਕਤਲ ਨੂੰ ਛਪਾਉਣ ਲਈ ਝੂਠੇ ਤੇ ਗੁਮਰਾਹ-ਕੁੰਨ ਬਿਆਨ ਦੇ ਰਹੀ ਹੈ।

ਸ: ਗੁਰਚਰਨ ਸਿੰਘ ਨੇ ਬੇਗੁਨਾਹ ਤੇ ਅਨ-ਮਨੁਖੀ ਤਸ਼ੱਦਦ ਦੀ ਨਿਖੇਧੀ ਕਰਦਿਆਂ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਸ਼ਰੋਮਣੀ ਅਕਾਲੀ ਦਲ ਇਸ ਤਰ੍ਹਾਂ ਦੇ ਜ਼ਬਰ ਜ਼ੁਲਮ ਨੂੰ ਸਹਿਣ ਨਹੀਂ ਕਰੇਗਾ।

ਆਪ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੁਲਵੰਤ ਸਿੰਘ ਨਾਗੋਕੇ ਬਾਰੇ ਪੋਜੀਸ਼ਨ ਸਪਸ਼ਟ ਕਰੇ।

## ਕਥਿਤ ਦੋਸ਼ੀ ਪੁਲਿਸ-ਮੁਕਾਬਲੇ ਵਿਚ ਮਰਿਆ ਦਸਿਆ ਗਿਆ–
## ਅਕਾਲੀ ਪਤ੍ਰਕਾ, ਮਿਤੀ ੧੨ ਜੂਨ ੧੯੯੨

ਅੰਮ੍ਰਿਤਸਰ ੧੧ ਜੂਨ (ਵਿਸ਼ੇਸ਼ ਪ੍ਰਤੀਨਿਧ ਯੂ. ਐਨ. ਆਈ)–ਸਥਾਨਕ ਪੁਲੀਸ ਵਲੋਂ ਕਲ੍ਹ ਅੱਧੀ ਰਾਤ ਤੋਂ ਪਿਛੋਂ ਕੰਪਨੀਬਾਗ ਤੋਂ ਸ਼ੁਰੂ ਕੀਤੇ ਡਰਾਮੇ ਦਾ ਅੰਤਮ ਸੀਨ ਅਜ ਤੜਕਸਾਰ ਵੱਲਾ ਪਿੰਡ ਨੇੜੇ ਖੇਡਿਆ ਗਿਆ ਅਤੇ ਸਵੇਰੇ ਲੋਕਾਂ ਨੇ ਇਕ ਅੰਮ੍ਰਿਤਧਾਰੀ ਸਿੰਘ ਦੀ ਖੂਨ ਵਿਚ ਲਥਪਥ ਹੋਈ ਲਾਸ਼ ਪਈ ਵੇਖੀ।

ਇਹ ਲਾਸ਼ ਨਾਗੋਕੇ ਪਿੰਡ ਦੇ ਸ: ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਦੀ ਸੀ, ਜਿਸ ਨੂੰ ਪੁਲੀਸ ਨੇ ੫ ਜੂਨ ਨੂੰ ਪੱਟੀ ਅਤੇ ਤਰਨਤਾਰਨ ਗੋਲੀ ਕਾਂਡ ਦੇ ਸਬੰਧ ਵਿਚ ਗ੍ਰਿਫਤਾਰ ਕੀਤਾ ਸੀ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਸ: ਕੁਲਵੰਤ ਸਿੰਘ ਪੁਲਿਸ-ਮੁਕਾਬਲੇ ਵਿਚ ਮਾਰਿਆ ਗਿਆ ਹੈ ਅਤੇ ਉਸ ਦੇ ਦੋ ਸਾਥੀ ਦੌੜ ਗਏ ਹਨ, ਜਿਹਨਾਂ ਵਿਚੋਂ ਵੀ ਇਕ ਨੂੰ ਗੋਲੀ ਲੱਗੀ ਹੈ। ਪੁਲੀਸ ਅਨੁਸਾਰ ਅੰਮ੍ਰਿਤਸਰ ਮਹਿਤਾ ਸੜਕ ਤੇ ਵੱਲਾ ਨੇੜੇ ਨਹਿਰ ਦੇ ਪੁਲ ਤੇ ਪੁਲੀਸ ਨੇ ਨਾਕਾਬੰਦੀ ਕੀਤੀ ਹੋਈ ਸੀ। ਸ: ਕੁਲਵੰਤ ਸਿੰਘ ਉਰਫ ਜਸਵੰਤ ਸਿੰਘ ਆਪਣੇ ਦੋ ਹੋਰ ਨਿਹੰਗ ਸਾਥੀਆਂ ਨਾਲ ਜਦ ਨੇੜੇ ਆਇਆ ਤਾਂ ਪੁਲੀਸ ਨੇ ਉਹਨਾਂ ਨੂੰ ਵੰਗਾਰਿਆ। ਅਗੋਂ ਉਹਨਾਂ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਪੁਲੀਸ ਨੇ ਵੀ ਅਗੋਂ ਗੋਲੀ ਚਲਾਉਣੀ ਸ਼ੁਰੂ ਕਰ ਦਿਤੀ। ਲੋਕਾਂ ਦੇ ਮਕਾਨਾਂ ਦੇ ਦਰਵਾਜ਼ਿਆਂ ਵਿਚ ਗੋਲੀਆਂ ਲਗੀਆਂ। ਫ਼ਾਇਰਿੰਗ ਦੁਰਾਨ ਸ: ਕੁਲਵੰਤ ਸਿੰਘ ਸ਼ਹੀਦ ਹੋ ਗਿਆ ਅਤੇ ਉਸ ਦੇ ਸਾਥੀ ਹਨੇਰੇ ਦੀ ਆੜ ਲੈ ਕੇ ਦੌੜ ਗਏ। ਪੁਲੀਸ ਪਾਰਟੀ



www.AKJ.Org

ਦੀ ਅਗਵਾਈ ਇੰਸਪੈਕਟਰ ਸ: ਹਰਜੀਤ ਸਿੰਘ ਕਰ ਰਹੇ ਸਨ ।

ਯੂ. ਐਨ. ਆਈ. ਦੀ ਇਤਲਾਹ ਅਨੁਸਾਰ ਇਹ ਘਟਨਾ ਰਾਤ ਢਾਈ ਵਜੇ ਵਾਪਰੀ, ਕੋਈ ਅੱਧਾ ਘੰਟਾ ਆਮ੍ਹੋ ਸਾਹਮਣੇ ਗੋਲੀ ਚਲਦੀ ਰਹੀ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸਨੂੰ ਇਕ ੩੨ ਬੋਰ ਦਾ ਰੀਵਾਲਵਰ ਵੀ ਲਾਸ਼ ਕੋਲੋਂ ਮਿਲਿਆ। ਇਸਤੋਂ ਇਲਾਵਾ ੧੨ ਕਾਰਤੂਸ ਵੀ ਗੋਲੀ ਚਲਣ ਵਾਲੀ ਥਾਂ ਤੋਂ ਬਰਾਮਦ ਹੋਏ ਹਨ ।

ਅੰਮ੍ਰਿਤਸਰ ਤੋਂ ੫ ਕਿਲੋਮੀਟਰ ਦੂਰ ਸਾਡੇ ਵਿਸ਼ੇਸ਼ ਪ੍ਰਤੀਨਿਧ ਨੇ ਮੌਕਾ ਦੇਖਣ ਪਿਛੋਂ ਦਸਿਆ ਕਿ ਇਹ ਮੁਕਾਬਲਾ ਵੱਲਾ ਪਿੰਡ ਤੋਂ ੩੦੦ ਗਜ਼ ਦੀ ਦੂਰੀ ਤੇ ਚੌਕ ਮਹਿਤਾ ਨੂੰ ਜਾਂਦੀ ਸੜਕ ਤੇ ਹੋਇਆ। ਇਹ ਸੜਕ ਸੰਤ ਭਿੰਡਰਾਂ ਵਾਲਿਆਂ ਦੇ ਡੇਰੇ ਨੂੰ ਜਾਂਦੀ ਹੈ। ਜਿਸ ਥਾਂ ਤੋਂ ਲਾਸ਼ ਮਿਲੀ ਉਥੇ ੨ X ੨ ਥਾਂ ਤੇ ਖੂਨ ਡੁਲ੍ਹਿਆ ਹੋਇਆ ਸੀ ਤੇ ਕੋਲ ਇਕ ਬੋਤਲ ਵੀ ਖੂਨ ਨਾਲ ਲਿਬੜੀ ਪਈ ਸੀ। ਸਾਡੇ ਪ੍ਰਤੀਨਿਧ ਨੂੰ ਸ਼ਕ ਹੈ ਜਿਵੇਂ ਇਹ ਸਭ ਡਰਾਮਾ ਸੀ ਤੇ ਖੂਨ ਬੋਤਲ ਵਿਚ ਲਿਆਂਦਾ ਗਿਆ ਸੀ। ਲੋਕਾਂ ਦਾ ਕਥਨ ਹੈ ਕਿ ਰਾਤ ਦੋ ਤੇ ਤਿੰਨ ਵਜੇ ਦੇ ਵਿਚ ਬੜੀ ਗੋਲੀ ਚਲੀ। ਪਿੰਡ ਵਾਲਿਆਂ ਦਾ ਕਥਨ ਹੈ ਕਿ ਉਹਨਾਂ ਰੌਲਾ ਸੁਣਿਆ ਕਿ 'ਬੰਦੇ ਦੌੜ ਗਏ ਹਨ, ਫੜੋ'। ਉਹਨਾਂ ਦਾ ਇਹ ਵੀ ਕਥਨ ਹੈ ਕਿ ਉਨ੍ਹਾਂ ਨੇ ਕਿਸੇ ਦੀ ਲਾਸ਼ ਨਹੀਂ ਦੇਖੀ। ਸਵੇਰੇ ਚਾਰ ਛੋਟੀਆਂ ਤੇ ਇਕ ਵਡੀ ਗਡੀ ਪੁਲਿਸ ਦੀ ਪਿੰਡ ਵਿਚ ਘੁੰਮ ਰਹੀ ਸੀ।

ਅਜ ਲਾਸ਼ ਪੋਸਟ ਮਾਰਟਮ ਕਰਨ ਪਿਛੋਂ ਵਾਰਸਾਂ ਦੇ ਹਵਾਲੇ ਕਰ ਦਿਤੀ ਗਈ, ਜੋ ਲਾਸ਼ ਨੂੰ ਪਿੰਡ ਨਾਗੋਕੇ ਲੈ ਗਏ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਦੇ ਨੇਤਾਵਾਂ ਨੇ ਮਿਰਤਕ ਦੇਹ ਲੈਣ ਲਈ ਬੜਾ ਜ਼ੋਰ ਪਾਇਆ, ਪਰ ਪੁਲਿਸ ਇਸ ਲਈ ਤਿਆਰ ਨਾ ਹੋਈ। ਮਿਰਤਕ ਦੀ ਦੇਹ ਦਾ ਕਲ ੧੨ ਜੂਨ ਸਵੇਰੇ ੧੦ ਵਜੇ ਪਿੰਡ ਨਾਗੋਕੇ ਵਿਖੇ ਅੰਤਮ ਸੰਸਕਾਰ ਕੀਤਾ ਜਾਏਗਾ। ਤਿੰਨ ਡਾਕਟਰਾਂ ਦੇ ਪੈਨਲ ਨੇ, ਜਿਸ ਵਿਚ ਡਾਕਟਰ ਬਲਦੇਵ ਸਿੰਘ, ਡਾਕਟਰ ਫਿਲਪ ਤੇ ਡਾਕਟਰ ਮਨਮੋਹਨ ਸਿੰਘ ਸ਼ਾਮਲ ਹਨ, ਲਾਸ਼ ਦਾ ਪੋਸਟ ਮਾਰਟਮ ਕੀਤਾ। ਲਾਸ਼ ਨੂੰ ੧੦ ਗੋਲੀਆਂ ਦੇ ਨਿਸ਼ਾਨ ਤੇ ਕੁਝ ਮਾਰ ਕੁਟ ਦੇ ਨਿਸ਼ਾਨ ਸਨ। ਪੋਸਟ ਮਾਰਟਮ ਦੀ ਰਿਪੋਰਟ ਨਹੀਂ ਮਿਲ ਸਕੀ। ਅਜ ਜਦੋਂ ਗੁਰੂ ਤੇਗ ਬਹਾਦਰ ਹਸਪਤਾਲ ਵਿਚ ਪੋਸਟ ਮਾਰਟਮ ਹੋ ਰਿਹਾ ਸੀ ਤਾਂ ਭਾਰੀ ਗਿਣਤੀ ਵਿਚ ਸਿਖ ਸੰਗਤਾਂ ਮੌਜੂਦ ਸੀ। ਮਿਰਤਕ ਕੁਲਵੰਤ ਸਿੰਘ ਦੇ ਨੀਲੀ ਦਸਤਾਰ ਬੰਨ੍ਹੀ ਹੋਈ ਸੀ, ਜਦੋਂ ਕਿ ਚਿਟੀ ਕਮੀਜ਼ ਚਿਟਾ ਕਛਹਿਰਾ ਤੇ ਲਕ ਨੂੰ ਕਮਰਕਸਾ ਬੰਨ੍ਹਿਆ ਹੋਇਆ ਸੀ। ਇਸੇ ਸਮੇਂ ਸ: ਭਾਨ ਸਿੰਘ ਸੈਕਟਰੀ ਸ਼੍ਰੋਮਣੀ ਕਮੇਟੀ, ਸ: ਗੁਰਚਰਨ ਸਿੰਘ, ਸ: ਅਬਿਨਾਸ਼ੀ ਸਿੰਘ, ਸ: ਪ੍ਰੀਤਮ ਸਿੰਘ ਭਟੀ, ਸ: ਹੁੰਦਲ, ਭਾਈ ਅਮਰੀਕ ਸਿੰਘ ਵੀ ਮੌਜੂਦ ਸਨ। ਇਹ ਸਾਰੇ ਸਿੰਘ ਲਾਸ਼ ਦੇ ਨਾਲ ਪਿੰਡ ਨਾਗੋਕੇ ਰਵਾਨਾ ਹੋ ਗਏ। ਸਾਰੇ ਜ਼ਿਲਾ ਅੰਮ੍ਰਿਤਸਰ ਵਿਚ ਭਾਰੀ ਖਿਚਾਅ ਪਾਇਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਹੋਰ ਪੁਲਿਸ ਤਾਇਨਾਤ ਕਰ ਦਿਤੀ ਗਈ ਹੈ। ਸਾਰੇ ਜ਼ਿਲੇ ਵਿਚ ਪੁਲਿਸ ਫ਼ੋਰਸ ਨੂੰ ਸਾਵਧਾਨ ਕਰ ਦਿਤਾ ਗਿਆ ਹੈ। ਸਾਰੇ ਉਚ ਅਧਿਕਾਰੀ ਪਿੰਡ ਨਾਗੋਕੇ ਚਲੇ ਗਏ ਹਨ।

ਕਿਸੇ ਅਣਸੁਖਾਵੀਂ ਘਟਨਾ ਨੂੰ ਰੋਕਣ ਲਈ ਸਾਵਧਾਨੀ ਵਜੋਂ ਪੁਲਿਸ ਪਿੰਡ ਨਾਗੋਕੇ ਭੇਜ ਦਿਤੀ ਗਈ ਹੈ। ਤਰਨ ਤਾਰਨ ਅਤੇ ਇਸਦੇ ਆਸ ਪਾਸ ਦੇ ਇਲਾਕੇ ਵਿਚ ਵੀ ਵਡੀ ਗਿਣਤੀ ਵਿਚ ਪੁਲੀਸ ਭੇਜ ਦਿਤੀ ਗਈ ਹੈ।

ਕਲ੍ਹ ਤੜਕਸਾਰ ਗੁਰੂ ਤੇਗ ਬਹਾਦਰ ਹਸਪਤਾਲ ਨੇੜਿਓਂ ਸ: ਕੁਲਵੰਤ ਸਿੰਘ ਦੇ ਦੌੜਨ ਦਾ ਐਲਾਨ ਕਰਕੇ ਪੁਲਿਸ ਅਧਿਕਾਰੀਆਂ ਨੇ ਉਸਦੀ ਭਾਲ ਵਿਚ ਵਡੇ ਪੈਮਾਨੇ ਤੇ ਮੁਹਿੰਮ ਚਲਾਈ, ਜਿਸ ਵਿਚ ਪੰਜਾਬ ਪੁਲਿਸ ਅਤੇ ਸੀ. ਆਰ. ਪੀ. ਦੇ ਜਵਾਨਾਂ ਨੇ ਹਿਸਾ ਲਿਆ। ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਨੂੰ ਆਉਣ ਵਾਲੇ ਰਸਤਿਆਂ ਤੇ ਨਾਕਾਬੰਦੀ ਲਾ



www.AKJ.Org

ਦਿਤੀ ਗਈ। ਮਹਿਤੇ ਨੂੰ ਜਾਣ ਵਾਲੀਆਂ ਸਾਰੀਆਂ ਸੜਕਾਂ ਅਤੇ ਪੁਲਾਂ ਤੇ ਹਥਿਆਰਬੰਦ ਪੁਲੀਸ ਆਉਣ ਜਾਣ ਵਾਲੀਆਂ ਬਸਾਂ, ਟਰੱਕਾਂ ਆਦਿ ਗੱਡੀਆਂ ਦੀ ਤਲਾਸ਼ੀ ਲੈਂਦੀ ਰਹੀ।

ਪੁਲੀਸ ਨੇ ਕੱਲ੍ਹ ਜਦ ਕੰਪਨੀ ਬਾਗ ਵਿਚ ਡਰਾਮਾ ਸ਼ੁਰੂ ਕੀਤਾ ਤਾਂ ਲੋਕਾਂ ਨੇ ਚਾਨਣੀ ਰਾਤ ਵਿਚ ਗੋਲੀਆਂ ਚਲਣ, ਸਰਚ ਲਾਈਟਾਂ ਉਪਰ ਸੁਟਣ ਅਤੇ ਕੰਪਨੀ ਬਾਗ ਦੀ ਹੁੰਦੀ ਛਾਣਬੀਣ ਦਾ ਨਜ਼ਾਰਾ ਵੇਖਿਆ।

ਕਲ੍ਹ ਹੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਦੋਹਾਂ ਅਕਾਲੀ ਦਲਾਂ ਅਤੇ ਸ: ਕੁਲਵੰਤ ਸਿੰਘ ਦੇ ਰਿਸ਼ਤੇਦਾਰਾਂ ਨੇ ਇਹ ਸ਼ੱਕ ਪ੍ਰਗਟ ਕੀਤਾ ਸੀ ਕਿ ਸ: ਕੁਲਵੰਤ ਸਿੰਘ ਨੂੰ ਪੁਲੀਸ ਨੇ ਕਤਲ ਕਰ ਦਿਤਾ ਅਤੇ ਦੌੜਨ ਦਾ ਡਰਾਮਾ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਹੀ ਰਚਿਆ ਗਿਆ ਹੈ!

ਮੇਹਰ ਸਿੰਘ ਨਾਂ ਦੇ ਇਕ ਵਿਅਕਤੀ ਨੇ ਤਰਨਤਾਰਨ ਦੇ ਜੁਡੀਸ਼ਨ ਮੈਜਿਸਟਰੇਟ ਸ੍ਰੀ ਬੀ. ਆਰ. ਬਾਂਸਲ ਦੀ ਅਦਾਲਤ ਵਿਚ ਇਕ ਦਰਖਾਸਤ ਵੀ ਦਿਤੀ ਸੀ, ਜਿਸ ਵਿਚ ਸ: ਕੁਲਵੰਤ ਸਿੰਘ ਦੇ ਕਤਲ ਕਰ ਦਿਤੇ ਜਾਣ ਦਾ ਸ਼ੱਕ ਪ੍ਰਗਟ ਕੀਤਾ ਸੀ। ਕਿਉਂਕਿ ਕਲ੍ਹ ਪੇਸ਼ੀ ਹੋਣ ਦੇ ਬਾਵਜੂਦ ਉਸਨੂੰ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ।

ਸ: ਪੂਰਨ ਸਿੰਘ ਹੁੰਦਲ ਐਡਵੋਕੇਟ, ਜੋ ਇਸ ਕੇਸ ਦੀ ਪੈਰਵੀ ਕਰ ਰਹੇ ਹਨ, ਨੇ ਦਸਿਆ ਕਿ ਸਰਦਾਰ ਕੁਲਵੰਤ ਸਿੰਘ ਉਤੇ ਏਨਾ ਤਸ਼ੱਦਦ ਕੀਤਾ ਗਿਆ ਸੀ, ਕਿ ਉਹ ਭਜ ਕੇ ਜਾ ਹੀ ਨਹੀਂ ਸਕਦੇ ਸਨ। ਉਨ੍ਹਾਂ ਕਿਹਾ, 5 ਜੂਨ ਨੂੰ ਸ੍ਰੀ ਚੰਨਣ ਸਿੰਘ ਜੁਡੀਸ਼ਨ ਮੈਜਿਸਟਰੇਟ ਫਸਟ ਕਲਾਸ ਤਰਨਤਾਰਨ ਨੇ ਆਰਡਰ ਕੀਤੇ ਸਨ ਕਿ ਸ: ਕੁਲਵੰਤ ਸਿੰਘ ਨਾਗੋਕੇ ਦਾ ਡਾਕਟਰੀ ਮੁਆਇਨਾ ਕਰਾਇਆ ਜਾਵੇ, ਪਰ ਪੁਲੀਸ ਨੇ ਨਹੀਂ ਕਰਵਾਇਆ। ਇਸ ਉਪਰੰਤ 8 ਜੂਨ ਨੂੰ ਸ੍ਰੀ ਬੀ. ਆਰ. ਬਾਂਸਲ ਜੁਡੀਸ਼ਨ ਮੈਜਿਸਟਰੇਟ ਫਸਟ ਕਲਾਸ ਤਰਨ-ਤਾਰਨ ਨੇ ਫਿਰ ਆਰਡਰ ਕੀਤੇ ਕਿ ਸ: ਨਾਗੋਕੇ ਦਾ ਡਾਕਟਰੀ ਮੁਆਇਨਾ ਕਰਵਾਇਆ ਜਾਵੇ। ਪਰ ਪੁਲੀਸ ਨੇ ਉਸਨੂੰ ਮੁਕਾਬਲਾ ਦਸ ਕੇ ਮਾਰ ਦਿਤਾ।

ਪਰੈਸ ਦੇ ਨਾਮ ਇਕ ਸਾਂਝੇ ਬਿਆਨ ਰਾਹੀਂ ਅਕਾਲੀ ਨੇਤਾ ਜ: ਦਰਸ਼ਨ ਸਿੰਘ ਈਸਾਪੁਰ ਅਤੇ ਜ: ਤਰਲੋਚਨ ਸਿੰਘ ਨੇ ਕਿਹਾ ਹੈ ਕਿ ਸਾਨੂੰ ਪੂਰਨ ਭਰੋਸੇਯੋਗ ਵਸੀਲੇ ਤੋਂ ਪਤਾ ਲਗਾ ਹੈ ਕਿ ਸ: ਕੁਲਵੰਤ ਸਿੰਘ ਪੁਤਰ ਸ: ਮੋਹਨ ਸਿੰਘ ਪਿੰਡ ਨਾਗੋਕੇ ਨੂੰ ਪੁਲੀਸ ਨੇ ਪੰਜ ਜੂਨ ਤੋਂ ਪਿੰਡ ਖਲਚੀਆਂ ਤੋਂ ਟਰੈਕਟਰ ਮੁਰੰਮਤ ਕਰਾਉਂਦੇ ਨੂੰ ਗ੍ਰਿਫਤਾਰ ਕਰਕੇ ਹਿਰਾਸਤ ਵਿਚ ਲਿਆ ਅਤੇ ੫ ਤੋਂ ੯ ਜੂਨ ਤਕ ਉਸਨੂੰ ਪੱਟੀ ਕਾਂਡ ਦੀ ਪੁਛ-ਗਿਛ ਕਰਦਿਆਂ ਕਰਦਿਆਂ ਉਸਤੇ ਭਾਰੀ ਜਬਰ ਤੇ ਤਸ਼ੱਦਦ ਕੀਤਾ। ਇਸਦੇ ਦੌਰਾਨ ਹੀ ਉਸਨੂੰ ਮੈਜਿਸਟਰੇਟ ਦੇ ਪੇਸ਼ ਕੀਤਾ ਗਿਆ, ਜਿਸ ਵਿਚ ਮੈਜਿਸਟਰੇਟ ਕੋਹਰਾ ਤਰਨਤਾਰਨ ਨੇ ਉਸ ਨੂੰ ਲੱਗੀਆਂ ਸੱਟਾਂ ਦਾ ਡਾਕਟਰੀ ਮੁਆਇਨਾ ਕਰਾਉਣ ਦਾ ਪੁਲੀਸ ਨੂੰ ਹੁਕਮ ਦਿਤਾ ਅਤੇ ਜਿਸ ਦਿਨ ਪੁਲੀਸ ਨੂੰ ਡਾਕਟਰੀ ਮੁਆਇਨਾ ਕਰਾਉਣ ਦਾ ਹੁਕਮ ਦਿਤਾ ਉਸ ਦਿਨ ਸ: ਕੁਲਵੰਤ ਸਿਘ ਦਾ ਮੱਥਾ ਅੱਗ ਨਾਲ ਸੜਿਆ ਹੋਇਆ ਸੀ ਅਤੇ ਮੱਥੇ ਤੇ ਸਿਰ ਦੀਆਂ ਹੱਡੀਆਂ ਨੰਗੀਆਂ ਸਨ। ਉਸ ਤੋਂ ਬਾਅਦ ਪੁਲੀਸ-ਤਫਤੀਸ਼ ਦੇ ਦੌਰਾਨ, ਕੁਲਵੰਤ ਸਿੰਘ ਤੇ ਪੁਲੀਸ ਨੇ ਭਾਰੀ ਜ਼ੁਲਮ ਜਬਰ ਕਰਕੇ ਕੁਟ ਕੁਟ ਕੇ ਜਾਨ ਤੋਂ ਮਾਰ ਦਿਤਾ ਹੈ ਅਤੇ ਇਹ ਝੂਠੇ ਭਗੌੜੇ ਹੋਣ ਦਾ ਕੇਸ ਦਰਜ ਕੀਤਾ ਹੈ।

ਦੋਹਾਂ ਨੇਤਾਵਾਂ ਨੇ ਕਿਹਾ ਕਿ ਜੇ ਇਕ ਬੇਗੁਨਾਹ ਕੁਲਵੰਤ ਸਿੰਘ ਨੂੰ ਸ਼ਰੇਆਮ ਫੜ ਕੇ ਗ੍ਰਿਫਤਾਰੀ ਪਾ ਕੇ ਅਦਾਲਤ ਵਿਚ ਪੇਸ਼ ਕਰਨ ਤੋਂ ਬਾਅਦ ਪੁਲੀਸ ਜਾਨੋਂ ਮਾਰ ਸਕਦੀ ਹੈ ਅਤੇ ਜਿਨ੍ਹਾਂ ਸਿੰਘਾਂ ਤੇ ਸਿੰਘਣੀਆਂ ਨੂੰ ਬਗੈਰ ਗ੍ਰਿਫਤਾਰੀ ਤੋਂ ਪੁਲੀਸ ਹਿਰਾਸਤ ਵਿਚ ਰਖਿਆ ਜਾ ਰਿਹਾ ਹੈ ਉਹਨਾਂ ਦੀ ਜਾਨ ਕਿਵੇਂ ਮਹਿਫ਼ੂਜ਼ ਸਮਝੀ ਜਾਵੇਗੀ। ਸਾਨੂੰ ਸ਼ੱਕ ਹੈ ਕਿ ਪੁਲੀਸ ਹੋਰ ਵੀ ਸਿੰਘਾਂ ਨੂੰ ਝੂਠੇ ਪੁਲੀਸ-ਮੁਕਾਬਲੇ ਬਣਾ ਕੇ ਗੋਲੀਆਂ ਦਾ ਸ਼ਿਕਾਰ



www.AKJ.Org

ਕਰੇਗੀ। ਅੱਗੇ ਚਲ ਕੇ ਇਹਨਾਂ ਨੇ ਕ੍ਰਿਹਾ ਕਿ ਅਸੀਂ ਸਰਕਾਰ ਨੂੰ ਚੇਤਾਵਨੀ ਦੇਂਦੇ ਹਾਂ ਕਿ ਜੇਕਰ ਇਹ ਜ਼ੁਲਮ ਸਿੰਘਾਂ ਤੇ ਇਵੇਂ ਜਾਰੀ ਰਿਹਾ ਤਾਂ ਸਿੱਖ ਕੌਮ ਆਪਣੇ ਹੋਣ ਵਾਲੇ ਸ਼ਹੀਦ ਸਿੰਘਾਂ ਦਾ ਬਦਲਾ ਜ਼ਰੂਰ ਚੁਕਾਵੇਗੀ ਅਤੇ ਨਾਲ ਇਨ੍ਹਾਂ ਨੇ ਕਿਹਾ ਕਿ ਸਿੱਖ ਕੌਮ ਨੂੰ ਅਸੀਂ ਅਪੀਲ ਕਰਦੇ ਹਾਂ ਕਿ ਜਿਸ ਵੀ ਪਿੰਡ ਵਿਚੋਂ ਕਿਸੇ ਸਿੰਘ ਨੂੰ ਗ੍ਰਿਫਤਾਰ ਕੀਤਾ ਜਾਵੇ, ਪਿੰਡ ਦੀ ਪੰਚਾਇਤ ਤੇ ਬਾਕੀ ਸਿੰਘ ਉਸਦੀ ਪੂਰੀ ਪੁਛਗਿਛ ਕਰਕੇ ਉਸ ਦੇ ਮਗਰ ਜਾ ਕੇ ਉਸ ਫੜੇ ਗਏ ਸਿੰਘ ਦੀ ਪੂਰੀ ਹਿਫਾਜ਼ਤ ਕਰਨ। ਤੇ ਬਗੈਰ ਵਰੰਟਾਂ ਦੇ ਕਿਸੇ ਵੀ ਸਿੰਘ ਨੂੰ ਗ੍ਰਿਫਤਾਰ ਨਾ ਹੋਣ ਦੇਣ, ਇਹ ਪਿੰਡ ਦੀ ਪੰਚਾਇਤ ਦਾ ਤੇ ਪਿੰਡ ਦੇ ਲੋਕਾਂ ਦਾ ਮੁਢਲਾ ਫਰਜ਼ ਬਣਦਾ ਹੈ। ਇਸ ਫਰਜ਼ ਨੂੰ ਤਨਦੇਹੀ ਨਾਲ ਅਤੇ ਕੌਮੀ ਕਾਜ਼ ਸਮਝ ਕੇ ਕਰਨ।

ਇਨ੍ਹਾਂ ਹਾਲਾਤ ਨੂੰ ਮੁਖ ਰਖ ਕੇ ੨੫ ਜੂਨ ਨੂੰ ਸ਼ਰੋਮਣੀ ਅਕਾਲੀ ਦਲ ਦੀ ਹਾਈ ਕਮਾਂਡ ਦੀ ਮੀਟਿੰਗ ਸਦੀ ਹੈ।ਇਨ੍ਹਾਂ ਸਾਰੇ ਹਾਲਾਤ ਤੋਂ ਜਾਣੂ ਕਰਾਉਣ ਲਈ ਸਰਦਾਰ ਰਣਧੀਰ ਸਿੰਘ ਚੀਮਾ,ਬੀਬੀ ਨਿਰਲੇਪ ਕੌਰ, ਬਾਬਾ ਕਾਹਨ ਸਿੰਘ, ਡਾਕਟਰ ਗੁਰਨਾਮ ਸਿੰਘ ਤੀਰ, ਸ: ਬਚਿੱਤਰ ਸਿੰਘ ਯੂ. ਕੇ; ਅਤੇ ਮੁਖੀ ਲੀਡਰ ਸਾਮਲ ਹੋ ਰਹੇ ਹਨ।

ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂ ਵਾਲੇ ਨੇ ਸ: ਕੁਲਵੰਤ ਸਿੰਘ ਨਾਗੋਕੇ ਦਾ ਅੱਜ ਤੜਕੇ ਵੱਲਾ ਲਾਗੇ ਅਖੌਤੀ ਪੁਲਿਸ-ਮੁਕਾਬਲੇ ਵਿਚ ਮਾਰੇ ਜਾਣ ਦੀ ਕਹਾਣੀ ਨੂੰ ਬਿਲਕੁਲ ਮਨਘੜਤ, ਬੇਬੁਨਿਆਦ ਅਤੇ ਇਕ ਡਰਾਮਾ ਦਸਿਆ ਹੈ।

ਇਥੋਂ ਅਜ ਜਾਰੀ ਕੀਤੇ ਇਕ ਬਿਆਨ ਵਿਚ ਉਹਨਾਂ ਕਿਹਾ ਕਿ ਸ: ਕੁਲਵੰਤ ਸਿੰਘ ਨਾਗੋਕੇ ਨੂੰ ਪੁਲਿਸ ਨੇ ਵਹਿਸ਼ੀਆਨਾ ਤਸ਼ੱਦਦ ਅਤੇ ਤਸੀਹੇ ਦੇ ਕੇ ਸ਼ਹੀਦ ਕੀਤਾ ਹੈ। ਉਹਨਾਂ ਸਰਕਾਰ ਨੂੰ ਵਾਰਨਿੰਗ ਦਿਤੀ ਕਿ ਸ: ਕੁਲਵੰਤ ਸਿੰਘ ਦੀ ਸ਼ਹਾਦਤ ਅੰਜਾਈਂ ਨਹੀਂ ਜਾਏਗੀ ਅਤੇ ਇਸ ਤੋਂ ਨਿਕਲਣ ਵਾਲੇ ਗੰਭੀਰ ਸਿਟਿਆਂ ਦੀ ਜ਼ਿਮੇਵਾਰੀ ਸਰਕਾਰ ਦੇ ਸਿਰ ਹੋਵੇਗੀ।

## ਇਸ ਜ਼ੁਲਮ ਦੇ ਸਬੰਧ ਵਿਚ ਚੰਡੀਗੜ੍ਹ ਵਿਖੇ ਅਕਾਲੀ ਨੇਤਾਵਾਂ ਦੀ ਮੀਟਿੰਗ ਤੇ ਤਕਰੀਰਾਂ– ਅਕਾਲੀ ਪਤ੍ਰਕਾ, ਮਿਤੀ ੧੫ ਜੂਨ ੧੯੮੨–

ਚੰਡੀਗੜ੍ਹ, ੧੪ ਜੂਨ (ਸਟਾਫ ਰਿਪੋਰਟਰ-ਯੂ. ਐਨ. ਆਈ. ਹਿ. ਸ.)–ਪੁਲਿਸ ਵਲੋਂ ਸਿੱਖਾਂ ਤੇ ਜੋ ਅੰਨ੍ਹੇਵਾਹ ਤਸ਼ੱਦਦ ਕੀਤਾ ਜਾ ਰਿਹਾ ਹੈ, ਉਸ ਵਿਰੁਧ ਸ਼ਰੋਮਣੀ ਅਕਾਲੀ ਦਲ ਨੇ ਜ਼ੋਰਦਾਰ ਅਵਾਜ਼ ਉਠਾਂਦਿਆਂ ਜ਼ਬਰਦਸਤ ਸਤਿਆਗ੍ਰਹਿ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਚੰਡੀਗੜ ਵਿਖੇ ਅਕਾਲੀ ਦਲ ਦੀ ਹਾਈ ਕਮਾਂਡ ਦੀ ਹੋਈ ਹੰਗਾਮੀ ਮੀਟਿੰਗ ਵਿਚ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਕੀਤੀ। ਮੀਟਿੰਗ ਦੇ ਫੈਸਲੇ ਜਾਰੀ ਕਰਦਿਆਂ ਸ਼ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਤੇ ਸਾਬਕ ਵਿਤ ਮੰਤਰੀ ਸ: ਬਲਵੰਤ ਸਿੰਘ ਨੇ ਕਿਹਾ ਕਿ ਅਕਾਲੀ ਦਲ ਨੇ ੧੭ ਜੂਨ ਨੂੰ ਰਾਜਪਾਲ ਵਲੋਂ ਬੁਲਾਈ ਗਈ ਮੀਟਿੰਗ ਦਾ ਬਾਈਕਾਟ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਇਲਾਵਾ ਨਿਰਦੋਸ਼ ਸਿੱਖਾਂ ਦਾ ਸਫਾਇਆ ਕਰਨ ਦੀ ਸਰਕਾਰ ਦੀ ਨੀਤੀ ਵਿਰੁਧ ੧੯ ਜੂਨ ਨੂੰ ਅਕਾਲੀ ਐਮ-ਪੀਜ਼. ਐਮ. ਐਲ. ਏਜ਼ (ਵਿਧਾਇਕਾਂ) ਵਲੋਂ ਦਿਲੀ ਵਿਚ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾਂ ਗਾਂਧੀ ਦੀ ਕੋਠੀ ਤੇ ਰੋਸ ਧਰਨਾ ਵੀ ਦਿਤਾ ਜਾਏਗਾ। ਯਾਦ ਰਹੇ ਕਿ ਇਸਤੋਂ ਪਹਿਲਾਂ ਅਕਾਲੀ ਦਲ ਵਲੋਂ ੧੮ ਜੂਨ ਨੂੰ ਹੜਤਾਲ ਕਰਨ ਦਾ ਵੀ ਸਦਾ ਦਿਤਾ ਜਾ ਚੁਕਿਆ ਹੈ, ਜਦੋਂ ਕਿ ੧੬ ਜੂਨ ਨੂੰ ਪਾਠ ਰਖ ਕੇ ੧੮ ਸਵੇਰੇ ਭੋਗ ਪਾਏ ਜਾਣਗੇ ਤੇ ਭੋਗ ਉਪਰੰਤ ਪ੍ਰੋਟੈਸਟ ਜਲਸੇ ਕਰਨ ਦੀ ਵੀ ਅਕਾਲੀ ਵਰਕਰਾਂ ਨੂੰ ਅਪੀਲ ਕੀਤੀ ਜਾ ਚੁਕੀ ਹੈ। ੧੮ ਜੂਨ ਕਾਲਾ ਦਿਵਸ ਦੇ ਤੌਰ ਤੇ ਮਨਾਇਆ ਜਾਏਗਾ। ਮੀਟਿੰਗ ਵਿਚ ਇਹ ਵੀ ਫੈਸਲਾ ਹੋਇਆ ਕਿ ੧੮ ਜੂਨ ਤੋਂ ਪਿਛੋਂ ਉਹਨਾਂ ਪੁਲਿਸ ਥਾਣਿਆਂ ਦਾ ਘੇਰਾਓ



www.AKJ.Org

ਕੀਤਾ ਜਾਵੇਗਾ, ਜਿਥੇ ਨਿਰਦੋਸ਼ ਸਿੱਖਾਂ ਨੂੰ ਡਕਿਆ ਹੋਵੇਗਾ । ਉਨ੍ਹਾਂ ਨੇ ਕਿਹਾ ਕਿ ਪ੍ਰਮੁੱਖ ਅਕਾਲੀ ਨੇਤਾ ੨੩ ਜੂਨ ਤੋਂ ਪਿਛੋਂ ਉਨ੍ਹਾਂ ਪਿੰਡਾਂ ਦਾ ਦੌਰਾ ਕਰਨਗੇ ਜਿਥੇ ਜਿਥੇ ਪੁਲਿਸ ਨੇ ਸਿੱਖਾਂ ਉਤੇ ਤਸ਼ੱਦਦ ਕੀਤਾ ਜਾਂ ਝੂਠੇ ਪੁਲਿਸ-ਮੁਕਾਬਲਿਆਂ ਦੀ ਕਹਾਣੀ ਘੜ ਕੇ ਸਿਖਾਂ ਨੂੰ ਮਾਰਿਆ ਗਿਆ ਹੈ ।

ਮੀਟਿੰਗ ਵਿਚ ਸੰਤ ਜੀ ਤੋਂ ਇਲਾਵਾ ਸ: ਗੁਰਚਰਨ ਸਿੰਘ ਟੋਹੜਾ, ਸ: ਪ੍ਰਕਾਸ਼ ਸਿੰਘ ਬਾਦਲ, ਸ: ਬਲਵੰਤ ਸਿੰਘ ਤੇ ਸ: ਰਾਜਿੰਦਰ ਸਿੰਘ ਭਾਟੀਆ ਸ਼ਾਮਲ ਸਨ । ਉਹਨਾਂ ਹੋਰ ਦਸਿਆ ਕਿ ਹੁਣ ਤਕ ੨੦੦ ਨਿਰਦੋਸ਼ ਸਿੱਖਾਂ ਨੂੰ ਪੁਲਿਸ ਗ੍ਰਿਫਤਾਰ ਕਰ ਚੁਕੀ ਹੈ ਅਤੇ ਉਹਨਾਂ ਨੂੰ ਖਤਮ ਕਰਨਾ ਚਾਹੁੰਦੀ ਹੈ । ਉਹਨਾਂ ਤਾੜਨਾ ਕੀਤੀ ਕਿ ਸਿੱਖ ਅਜਿਹਾ ਅਨਿਆਂ ਕਦੇ ਵੀ ਸਹਿਣ ਨਹੀਂ ਕਰਨਗੇ ।

ਜਥੇਦਾਰ ਟੋਹੜਾ ਨੇ ਕਿਹਾ ਕਿ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਨੇ ਇਕੱਠਿਆਂ ਤੇ ਵਖ ਵਖ ਤੌਰ ਤੇ ਬੇਗੁਨਾਹ ਤੇ ਮਾਸੂਮ ਸਿੱਖਾਂ ਉਤੇ ਰੌਂਗਟੇ ਖੜੇ ਕਰ ਦੇਣ ਵਾਲੇ ਭਿਆਨਕ ਅਤਿਆਚਾਰਾਂ ਦਾ ਨਿਰੰਤਰ ਚਕਰ ਚਲਾਇਆ ਹੋਇਆ ਹੈ । ਅੰਮ੍ਰਿਤਧਾਰੀ ਸਿੰਘਾਂ ਨੂੰ ਬਿਨਾਂ ਕੋਈ ਕਸੂਰ ਥਾਣਿਆਂ ਤੇ ਹਵਾਲਾਤਾਂ ਵਿਚ ਡਕਿਆ ਹੋਇਆ ਹੈ ਅਤੇ ਮੌਕਾ ਵੇਖ ਕੇ ਆਪਣੀ ਮਰਜ਼ੀ ਨਾਲ ਉਨ੍ਹਾਂ ਨੂੰ ਕਤਲ ਕਰ ਦਿਤਾ ਜਾਂਦਾ ਹੈ । ਉਹਨਾਂ ਕਿਹਾ ਕਿ ਇਸ ਦੀ ਜੀਉਂਦੀ ਜਾਗਦੀ ਤੇ ਮੂੰਹੋਂ ਬੋਲਦੀ ਉਦਾਹਰਣ ਹੈ ਸ: ਕੁਲਵੰਤ ਸਿੰਘ ਉਤੇ ਅੰਨ੍ਹਾ ਤਸ਼ੱਦਦ ਕਰਕੇ ਪਹਿਲਾਂ ਮਾਰ ਸੁਟਣਾ ਤੇ ਫਿਰ ਝੂਠਾ ਪੁਲਸ-ਮੁਕਾਬਲੇ ਦਾ ਰੌਲਾ ਪਾ ਕੇ, ਸਾਰੀ ਕਹਾਣੀ ਉਤੇ ਪਰਦਾ ਪਾਣ ਦਾ ਕੋਝਾ ਯਤਨ ਕੀਤਾ । ਜਿਸ ਦਾ ਸਾਰਿਆਂ ਨੂੰ ਪਤਾ ਲਗ ਚੁਕਾ ਹੈ ।

ਉਨ੍ਹਾਂ ਕਿਹਾ ਕਿ ਪੁਲਿਸ ਇਕ ਗਿਣੀ ਮਿਥੀ ਸਾਜ਼ਸ਼ ਅਧੀਨ ਨਿਰਦੋਸ਼ੇ ਸਿੱਖਾਂ ਨੂੰ ਕਦੇ ਦਲ ਖਾਲਸਾ ਦੀ ਆੜ ਹੇਠ ਅਤੇ ਕਦੇ ਅਤਿਵਾਦੀਆਂ ਦੇ ਨਾਂ ਹੇਠ ਫੜ ਕੇ, ਝੂਠੇ ਪੁਲਿਸ-ਮੁਕਾਬਲੇ ਬਣਾ ਕੇ ਜਾਨੋਂ ਮਾਰਨ ਦੀ ਯੋਜਨਾ ਉਤੇ ਕੰਮ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਸ: ਕੁਲਵੰਤ ਸਿੰਘ ਦੇ ਸਾਥੀ ਸ: ਸ਼ੇਰ ਸਿੰਘਤੇ ਸ: ਅਮਰ ਸਿੰਘ ਨੂੰ ਪੁਲਿਸ ਨੇ ਫੜਿਆ ਹੋਇਆ ਹੈ ਤੇ ਉਨ੍ਹਾਂ ਉਤੇ ਹਦੋਂ ਵਧ ਅਤਿਆਚਾਰ ਕੀਤਾ ਜਾ ਰਿਹਾ ਹੈ ।

ਜ: ਟੋਹੜਾ ਨੇ ਕਿਹਾ ਕਿ ਕਥਿਤ ਪਟੀ-ਗੋਲੀ ਕਾਂਡ ਦੇ ਸੰਬੰਧ ਵਿਚ ਫੜੇ ਸ: ਕੁਲਵੰਤ ਸਿੰਘ ਨੂੰ ਜਦੋਂ ਇਕ ਥਾਂ ਤੋਂ ਦੂਜੀ ਥਾਂ ਲੈ ਜਾਣਾ ਹੁੰਦਾ ਜਾਂ ਅਦਾਲਤ ਵਿਚ ਪੇਸ਼ ਕਰਨਾ ਹੁੰਦਾ ਸੀ ਤਾਂ ਉਸ ਨਾਲ ਘਟੋ ਘਟ ਇਕ ਹਜ਼ਾਰ ਪੁਲਿਸ ਦੇ ਸਿਪਾਹੀਆਂ ਦੀ ਫੌਜ ਜਾਂਦੀ ਸੀ ਤੇ ਇਨ੍ਹਾਂ ਦੇ ਨਾਲ ਇਕ ਡੀ. ਐਸ. ਪੀ. ਜ਼ਰੂਰ ਜਾਂਦਾ ਸੀ, ਪਰ ਹੁਣ ਸਰਕਾਰ ਤੇ ਪੁਲਿਸ ਦੀ ਕਰਤੂਤ ਵੇਖੋ ਕਿ ਅਧੀ ਰਾਤ ਵੇਲੇ ਢਿੱਡ-ਪੀੜ ਦਾ ਬਹਾਨਾ ਲੈ ਕੇ ਪੁਲਿਸ ਦੀਆਂ ਨਜ਼ਰਾਂ ਵਿਚ ਐਡੇ ਵੱਡੇ ਖਤਰਨਾਕ ਮੁਜਰਮ, ਜਿਸ ਦੇ ਸਿਰ ਦਾ ਮੁਲ ਹਜ਼ਾਰਾਂ ਰੁਪੈ ਰਖਿਆ ਹੋਵੇ, ਸਿਰਫ ਦੋ ਸਿਪਾਹੀ ਹੀ ਤੇ ਉਹ ਸਾਇਕਲਉਤੇ ਬਿਠਾ ਕੇ, ਸੁੰਨਸਾਨ ਪਈ ਜੀ. ਟੀ. ਰੋਡ ਉਤੇ ਸਦਰ ਥਾਨੇ ਤੋਂ ਹਸਪਤਾਲ ਵਲ ਨੂੰ ਚਲ ਪਏ । ਉਨ੍ਹਾਂ ਇੰਕਸ਼ਾਫ ਕੀਤਾ ਕਿ ਉਸ ਰਾਤ ਸਦਰ ਥਾਨੇ ਵਿਚ ਘਟੋ ਘਟ ਅੱਧੀ ਦਰਜਨ ਜੀਪਾਂ ਮੌਜੂਦ ਸਨ ਤੇ ਸੈਂਕੜੇ ਸਿਪਾਹੀ ਹਾਜ਼ਰ ਸਨ, ਪਰ ਇਸ ਨੇ ਇਹ ਕਹਾਣੀ ਘੜਨੀ ਸੀ, ਜਿਸ ਕਰਕੇ ਇਹ ਸਾਰਾ ਡਰਾਮਾ ਰਚਿਆ ਗਿਆ । ਉਨ੍ਹਾਂ ਕਿਹਾ ਕਿ ਹਸਪਤਾਲ ਦੇ ਪਿਛਲੇ ਪਾਸਿਉਂ ਕੁਲਵੰਤ ਸਿੰਘ ਦੇ ਦੌੜ ਜਾਣ ਦਾ ਸਾਂਗ ਰਚਿਆ ਗਿਆ ਤੇ ਕੰਪਨੀ ਬਾਗ 'ਚ ਝੂਠਾ ਨਾਟਕ ਸ਼ੁਰੂ ਕੀਤਾ ਗਿਆ । ਉਨ੍ਹਾਂ ਕਿਹਾ ਕਿ ਦੂਜੀ ਰਾਤੀਂ ਵੱਲੇ ਨੇੜੇ ਉਸ ਨੂੰ ਪੁਲਿਸ ਮੁਕਾਬਲੇ 'ਚ ਮਾਰ ਕੇ ਨਾਟਕ ਪੂਰਾ ਕਰ ਦਿਤਾ ਗਿਆ । ਉਨ੍ਹਾਂ ਕਿਹਾ ਵੱਲਾ ਪਿੰਡ ਦੇ ਲੋਕਾਂ ਦਾ ਕਹਿਣਾ ਹੈ ਕਿ ਉਥੇ ਕਿਸੇ ਨੂੰ ਗੋਲੀ ਨਹੀਂ ਲਗੀ ਤੇ ਨਾਲੇ ਸੜਕ ਤੇ ਡੁਲ੍ਹੇ ਖੂਨ ਲਾਗੇ ਪਈ ਬੋਤਲ ਪੁਲਸ ਪਾਲਸੀ ਦੇ ਪਾਜ ਖੋਲ੍ਹਦੀ ਹੈ ।

ਉਨ੍ਹਾਂ ਨੇ ਸਰਕਾਰ ਉਤੇ ਗੰਭੀਰ ਦੋਸ਼ ਲਾਇਆ ਕਿ ਇਸ ਵੇਲੇ ਗੁਰਦਾਸਪੁਰ, ਅੰਮ੍ਰਿਤਸਰ ਤੇ ਕਪੂਰਥਲੇ ਜ਼ਿਲਿਆਂ ਦੇ ਥਾਣਿਆਂ ਵਿਚ ਨਿਰਦੋਸ਼ੇ ਸਿੱਖਾਂ ਨੂੰ ਫੜ ਫੜ ਤੂੜਿਆ ਹੋਇਆ ਹੈ ਤੇ ਉਨ੍ਹਾਂ ਉਤੇ ਅਣਮਨੁਖੀ ਅਤਿਆਚਾਰ ਲਗਾਤਾਰ ਕੀਤੇ ਜਾ ਰਹੇ ਹਨ । ਉਨ੍ਹਾਂ ਦੇ ਵਾਰਸ ਉਨ੍ਹਾਂ ਨੂੰ ਲਭਦੇ ਫਿਰਦੇ ਹਨ, ਪਰ



www.AKJ.Org

ਪੁਲਿਸ ਉਨ੍ਹਾਂ ਨੂੰ ਪੱਲਾ ਨਹੀਂ ਫੜਾਉਂਦੀ।

ਇਸ ਲਈ ਉਨ੍ਹਾਂ ਨੇ ਕਿਹਾ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹੋ ਜਿਹੇ ਨਾਜਾਇਜ਼ ਤੌਰ ਤੇ ਫੜ ਕੇ ਥਾਣਿਆਂ ਵਿਚ ਜ਼ਬਰਦਸਤੀ ਤੂੜੇ ਹੋਏ ਸਿੰਘਾਂ ਦੀਆਂ ਸੂਚੀਆਂ ਤਿਆਰ ਕਰ ਰਹੀ ਹੈ। ਇਸ ਲਈ ਸਭਨਾਂ ਵਾਰਸਾਂ ਨੂੰ ਬੇਨਤੀ ਹੈ ਕਿ ਜਿਨ੍ਹਾਂ ਦੇ ਪਤੀ, ਪੁਤਰ, ਪਿਓ ਜਾਂ ਰਿਸ਼ਤੇਦਾਰ ਨਾ ਲਭਦੇ ਹੋਣ ਜਾਂ ਜਿਨ੍ਹਾਂ ਬਾਰੇ ਪੁਲਿਸ ਵਾਲੇ ਟਾਲ ਮਟੋਲ ਕਰਦੇ ਹੋਣ, ਉਨ੍ਹਾਂ ਦੇ ਨਾਂ ਕਮੇਟੀ ਨੂੰ ਭੇਜੇ ਜਾਣ ਤਾਂ ਕਿ ਉਨ੍ਹਾਂ ਬਾਰੇ ਪੂਰੀ ਤਰ੍ਹਾਂ ਪੁਛਗਿਛ ਹੋ ਸਕੇ।

ਇਕ ਹੋਰ ਮਤਾ ਜਾਰੀ ਕਰਦਿਆਂ ਜ: ਟੌਹੜਾ ਨੇ ਕਿਹਾ ਕੁਝ ਸਾਲਾਂ ਤੋਂ ਸਰਕਾਰ ਵਲੋਂ ਜਾਣ ਬੁਝ ਕੇ ਸਿੱਖ ਗੁਰ-ਧਾਮਾਂ ਦੀ ਬੇਅਦਬੀ ਇਕ ਸੋਚੀ ਸਮਝੀ ਸਕੀਮ ਅਧੀਨ ਹੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਪਿਛਲੇ ਕੁਝ ਚਿਰ ਵਿਚ ਅੰਮ੍ਰਿਤਸਰ 'ਚ ਗੁਰਦੁਆਰਾ ਚੁਰਸਤੀ ਅਟਾਰੀ ਨੂੰ ਅੱਗ ਲਾ ਕੇ ਫੂਕਣਾ, ਸਿੱਖਾਂ ਦੇ ਸੁਪਰੀਮ ਸਥਾਨ ਸ੍ਰੀ ਅਕਾਲ ਤਖਤ ਸਾਹਿਬ ਲਾਗਿਓਂ ਸਿਗਰਟਾਂ ਮਿਲੀਆਂ, ਸ੍ਰੀ ਅਨੰਦਪੁਰ ਸਾਹਿਬ 'ਚ ਤਖਤ ਸ੍ਰੀ ਕੇਸਗੜ੍ਹ ਵਿਚ ਬੀੜੀਆਂ ਦੇ ਬੰਡਲਾਂ ਦਾ ਸੁਟਣਾ, ਹੋਰਨਾਂ ਗੁਰਧਾਮਾਂ 'ਚ ਅਪਮਾਨ ਜਨਕ ਕਾਰਵਾਈਆਂ ਦਸਦੀਆਂ ਹਨ ਕਿ ਸਰਕਾਰ ਸਿੱਖਾਂ ਦੇ ਧਾਰਮਿਕ ਜਜ਼ਬਾਤ ਨੂੰ ਠੇਸ ਪਹੁੰਚਾਣ ਵਿਚ ਰੁਝੀ ਹੋਈ ਹੈ। ਉਨ੍ਹਾਂ ਕਿਹਾ ਕਿ ਜੁਗੋ ਜੁਗ ਅਟੱਲ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦਾ ਬੜੀ ਬੇਰਹਿਮੀ ਨਾਲ ਅਪਮਾਨ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਅਗਨ ਭੇਂਟ ਕੀਤਾ ਜਾ ਰਿਹਾ ਹੈ, ਪਰ ਸਰਕਾਰ ਇਨ੍ਹਾਂ ਸਾਰੀਆਂ ਗੱਲਾਂ ਨੂੰ ਨਿਗੂਣੀਆਂ ਘਟਨਾਵਾਂ ਕਹਿ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਰਹੀ ਹੈ।

ਉਨ੍ਹਾਂ ਕਿਹਾ ਕਿ ਅਸੀਂ ਕਈ ਥਾਵਾਂ ਉਤੇ ਗੁਰਧਾਮਾਂ ਦੀ ਬੇਹੁਰਮਤੀ ਕਰਨ ਵਾਲਿਆਂ ਨੂੰ ਮੌਕੇ ਉਤੇ ਰੰਗੇ ਹਥੀਂ ਫੜ ਕੇ ਪੁਲਿਸ ਦੇ ਹਵਾਲੇ ਕੀਤਾ, ਪਰ ਉਨ੍ਹਾਂ ਉਤੇ ਕੋਈ ਕਾਰਵਾਈ ਕਰਨ ਦੀ ਥਾਂ ਉਨ੍ਹਾਂ ਨੂੰ ਛੱਡ ਦਿਤਾ ਜਾਂਦਾ ਰਿਹਾ।

ਉਨ੍ਹਾਂ ਕਿਹਾ ਕਿ ਮਾਨਸਾ ਮਾਖਾ ਪਿੰਡ ਵਿਖੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀਆਂ ੧੫ ਬੀੜਾਂ ਅਗਨ ਭੇਟ ਕਰਨ ਦੇ ਸੰਬੰਧ ਵਿਚ ਉਥੋਂ ਦੇ ਲੋਕਾਂ ਨੇ ਉਦਾਸੀਆਂ ਦੇ ਡੇਰੇ ਦੇ ਗਿਆਨ ਮੁਨੀ ਦਰਸ਼ਨ ਮੁਨੀ ਤੇ ਇਕ ਹੋਰ ਮੁਖਤਿਆਰ ਸਿੰਘ ਦਾ ਨਾਂ ਲਿਆ ਤੇ ਕਿਹਾ ਕਿ ਇਹੋ ਹੀ ਗੁਨਾਹਗਾਰ ਹਨ। ਪਰ ਅਜੇ ਤਕ ਸਰਕਾਰ ਨੇ ਕਿਸੇ ਨੂੰ ਨਹੀਂ ਫੜਿਆ। ਇਸ ਤੋਂ ਵਧ ਸਿੱਖਾਂ ਨਾਲ ਹੋਰ ਕੀ ਬੇਇਨਸਾਫੀ ਹੋ ਸਕਦੀ ਹੈ।

ਉਨ੍ਹਾਂ ਨੇ ਸਿੱਖਾਂ ਉਤੇ ਪੁਲਿਸ ਦੇ ਜ਼ੁਲਮਾਂ ਦੀ ਕਹਾਣੀ ਦਾ ਇਕ ਹੋਰ ਪੱਖ ਦੇਂਦੇ ਹੋਏ ਕਿਹਾ ਕਿ ਸ: ਬਲਵਿੰਦਰ ਸਿੰਘ ਫੋਜਕੀਪੁਰ ਅੰਮ੍ਰਿਤਸਰ ਦੀ ਜੇਲ੍ਹ ਵਿਚ ਹੈ ਅਤੇ ਪਿਛਲੇ ਦਿਨੀਂ ਉਸ ਦੇ ਵਾਰਸ ਉਨ੍ਹਾਂ ਨਾਲ ਮੁਲਾਕਾਤ ਕਰਕੇ ਆਏ ਹਨ, ਪਰ ਸਰਕਾਰ ਦੀ ਹੁਸ਼ਿਆਰੀ ਵੇਖੋ ਕਿ ਉਸਨੂੰ ਮੁਜਰਿਮ ਕਰਾਰ ਦਿਤਾ ਹੋਇਆ ਹੈ ਅਤੇ ਉਸ ਦੇ ਸਿਰ ਦਾ ਮੁਲ ੧੦੦੦੦ ਰੁਪੈ ਰਖਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਦੋਗਲੀ ਨੀਤੀ ਬਲਵਿੰਦਰ ਸਿੰਘ ਨੂੰ ਜੇਲ੍ਹ ਅੰਦਰ ਹੀ ਮਾਰ ਮੁਕਾਉਣ ਲਈ ਧਾਰਨ ਕੀਤੀ ਹੋਈ ਹੈ।

ਪੰਜਾਬ ਦੇ ਗਵਰਨਰ ਵਲੋਂ ਮੌਜੂਦਾ ਹਾਲਾਤ ਉਤੇ ਵਿਚਾਰ ਕਰਨ ਲਈ ੧੭ ਜੂਨ ਨੂੰ ਬੁਲਾਈ ਗਈ ਮੀਟਿੰਗ ਉਤੇ ਟਿਪਣੀ ਕਰਦੇ ਹੋਏ ਉਨ੍ਹਾਂ ਕਿਹਾ ਕਿ ਰਾਜਪਾਲ ਨੂੰ ਇਸ ਤਰ੍ਹਾਂ ਦੀ ਗੱਲ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਇਹੋ ਜਹੀ ਗੱਲ ਕਰਨ ਦਾ ਲਾਭ ਵੀ ਕੋਈ ਨਹੀਂ ਹੈ। ਉਨ੍ਹਾਂ ਕਿਹਾ ਕਿ ਉਧਰ ਦਿਨ ਦਿਹਾੜੇ ਸਿੱਖਾਂ ਤੇ ਪੁਲਿਸ ਅੰਨ੍ਹਾ ਤਸ਼ੱਦਦ ਕਰ ਰਹੀ ਹੈ ਤੇ ਝੂਠੇ ਪੁਲਿਸ-ਮੁਕਾਬਲਿਆਂ 'ਚ ਉਨ੍ਹਾਂ ਨੂੰ ਮਾਰ ਰਹੀ ਹੈ, ਇਨ੍ਹਾਂ ਹਾਲਾਤ ਵਿਚ ਇਹੋ ਜਿਹੀ ਮੀਟਿੰਗ 'ਚ ਸ਼ਾਮਲ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਿਸ ਕਰਕੇ ਅਕਾਲੀ ਦਲ ਨੇ ਇਸ ਮੀਟਿੰਗ ਨੂੰ ਰੱਦ ਕਰ ਦਿਤਾ ਹੈ। ਉਨ੍ਹਾਂ ਕਿਹਾ ਕਿ ਹੁਣ ਸਰਕਾਰ ਦੀ ਇਹ ਪਾਲਿਸੀ ਨਹੀਂ ਚਲੇਗੀ ਕਿ ਉਹ ਇਕ ਪਾਸੇ ਬੇਗੁਨਾਹ ਸਿੱਖਾਂ ਨੂੰ ਮਾਰੀ ਜਾਏ ਤੇ ਦੂਜੇ ਪਾਸੇ ਹਾਲਾਤ ਤੇ ਵਿਚਾਰ ਕਰਨ ਲਈ ਮੀਟਿੰਗ ਬੁਲਾਏ।



www.AKJ.Org

ਜਥੇਦਾਰ ਟੌਹੜਾ ਨੇ ਕਿਹਾ ਕਿ ਸ਼ਰੋਮਣੀ ਅਕਾਲੀ ਦਲ ਹਮੇਸ਼ਾ ਹੀ ਕਤਲ-ਕਾਂਡਾਂ ਤੇ ਗੋਲੀ-ਕਾਂਡਾਂ ਦੇ ਵਿਰੁਧ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਦਾਰ ਦਰਬਾਰਾ ਸਿੰਘ ਘੜੀ ਮੁੜੀ ਇਹੋ ਰੱਟ ਲਾਈ ਜਾਂਦੇ ਹਨ, ਕਥਿਤ ਦੋਸ਼ੀ ਦਰਬਾਰ ਸਾਹਿਬ 'ਚ ਲੁਕੇ ਹੋਏ ਹਨ। ਉਨ੍ਹਾਂ ਨੇ ਇਸ ਨੂੰ ਕੋਰਾ ਝੂਠ ਕਰਾਰ ਦੇਂਦੇ ਹੋਏ ਕਿਹਾ ਕਿ ਸ੍ਰੀ ਹਰਿਮੰਦਰ ਵਿਚ ਕੋਈ ਕਥਿਤ ਦੋਸ਼ੀ ਨਹੀਂ ਹੈ ਤੇ ਸ: ਦਰਬਾਰਾ ਸਿੰਘ ਆਪਣੀ ਕੁਰਸੀ ਨੂੰ ਬਚਾਉਣ ਲਈ ਇਹ ਝੂਠ ਦਾ ਸਹਾਰਾ ਲੈ ਰਹੇ ਹਨ। ਜਥੇਦਾਰ ਟੌਹੜਾ ਨੇ ਸਰਕਾਰ ਉਤੇ ਇਹ ਗੰਭੀਰ ਦੋਸ਼ ਲਾਇਆ ਕਿ ਉਹ ਸਕਰੀਨਿੰਗ ਦੇ ਬਹਾਨੇ, ਸਿਖ ਅਫਸਰਾਂ ਨੂੰ ਪੰਜਾਬ ਤੋਂ ਬਾਹਰ ਭੇਜੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਨੀਤੀ ਨੂੰ ਛੇਤੀ ਹੀ ਠਲ੍ਹ ਪਾ ਦਿਤੀ ਜਾਏਗੀ। ਉਨ੍ਹਾਂ ਇਹ ਵੀ ਕਿਹਾ ਕਿ ਘਟ ਗਿਣਤੀਆਂ ਨੂੰ ਖਤਮ ਕਰਨ ਦੇ ਜੋ ਮਨਸੂਬੇ ਸਰਕਾਰ ਦਿਲ 'ਚ ਸਾਂਭੀ ਬੈਠੀ ਹੈ ਉਨ੍ਹਾਂ ਨੂੰ ਕਦੇ ਵੀ ਸਿਰੇ ਨਹੀਂ ਚੜ੍ਹਨ ਦਿਤਾ ਜਾਏਗਾ। ਤੇ ਇਸ ਦਾ ਡਟ ਕੇ ਮੁਕਾਬਲਾ ਕੀਤਾ ਜਾਏਗਾ।

ਅਕਾਲੀ ਪੱਤ੍ਰਕਾ
੨੧-੬-੮੨

## ਸਿੰਘਾਂ ਤੇ ਅੰਨ੍ਹਾ ਪੁਲਿਸ ਤਸ਼ੱਦਦ

### ਇਕ ਬੈਂਕ-ਮੈਨੇਜਰ ਦੀ ਜਾਨ ਸਖਤ ਖਤਰੇ ਵਿਚ

ਕਪੂਰਥਲਾ ੨੦ ਜੂਨ–ਦਲ ਖਾਲਸਾ ਤੇ ਅਤਿਵਾਦੀਆਂ ਦੀ ਆੜ ਹੇਠ ਜ਼ਿਲ੍ਹਾ ਕਪੂਰਥਲਾ ਦੇ ਅੰਮ੍ਰਿਤਧਾਰੀ ਸਿੰਘਾਂ ਤੇ ਸਿੱਖ ਨੌਜਵਾਨਾਂ ਉਤੇ ਪੁਲਿਸ ਵਲੋਂ ਰੌਂਗਟੇ ਖੜੇ ਕਰਨ ਵਾਲੇ ਅਤਿਆਚਾਰ ਕਰਨ ਦੇ ਸਮਾਚਾਰ ਮਿਲੇ ਹਨ। ਪਤਾ ਲਗਾ ਹੈ ਕਿ ਸਥਾਨਕ ਜੇਲ੍ਹ 'ਚ ਡੱਕੇ ਹੋਏ ੭ ਸਿੱਖ ਨੌਜਵਾਨਾਂ ਵਿਚੋਂ ਪਿਛਲੇ ਦਿਨੀਂ ਸਤਿੰਦਰ ਸਿੰਘ, ਰਣਜੀਤ ਸਿੰਘ, ਸੁਰਿੰਦਰਪਾਲ ਸਿੰਘ ਆਦਿ ਨੂੰ ਪੁਲਿਸ ਇਨਟੈਰੋਗੇਸ਼ਨ ਸੈਂਟਰ ਅੰਮ੍ਰਿਤਸਰ ਲੈ ਗਈ, ਜਿਥੇ ਉਨ੍ਹਾਂ ਨੂੰ ਅਣਮਨੁਖੀ ਤਸੀਹੇ ਦਿਤੇ ਗਏ ਤੇ ਉਨ੍ਹਾਂ ਨੂੰ ਵਾਧੂ ਤੇ ਮਨਘੜਤ ਗੱਲਾਂ ਦਾ ਇਕਬਾਲ ਕਰਨ ਲਈ ਉਨ੍ਹਾਂ ਉਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਉਨ੍ਹਾਂ ਨੂੰ ਮੁੜ ਸਥਾਨਕ ਜੇਲ੍ਹ ਵਿਚ ਲਿਆਂਦਾ ਗਿਆ।

ਇਥੇ ਉਨ੍ਹਾਂ ਨੇ ਇਕ ਮੁਲਾਕਾਤੀ ਨੂੰ ਦਸਿਆ ਕਿ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਇਨਟੈਰੋਗੇਸ਼ਨ ਸੈਂਟਰ ਵਿਚ ਕੜਕਦੀ ਧੁਪੇ ਭਖਦੇ ਫਰਸ਼ ਉਤੇ ਭੁੰਜੇ ਹੀ ਬਿਠਾ ਦਿਤਾ ਜਾਂਦਾ ਸੀ। ਫਿਰ ਉਨ੍ਹਾਂ ਦੇ ਸਿਰਾਂ ਤੇ ਮੂੰਹ ਉਤੇ ਖ਼ਾਲੀ ਪੀਪੇ ਪਾ ਦਿਤੇ ਜਾਂਦੇ ਸਨ ਤੇ ਉਨ੍ਹਾਂ ਨੂੰ ਕਿਹਾ ਜਾਂਦਾ ਸੀ ਕਿ ਉਹ ਆਪਣੇ ਦੋਵਾਂ ਹੱਥਾਂ ਨਾਲ ਇਨ੍ਹਾਂ ਪੀਪਿਆਂ ਨੂੰ ਜ਼ੋਰ ਜੋਰ ਦੀ ਖੜਕਾਉਣ। ਉਨ੍ਹਾਂ ਕਿਹਾ ਕਿ ਜਦ ਉਹ ਪੀਪੇ ਨਹੀਂ ਸੀ ਖੜਕਾਉਂਦੇ ਜਾਂ ਉਨ੍ਹਾਂ ਦੇ ਹਥ ਥਕ ਜਾਂਦੇ ਸਨ ਤਾਂ ਪਿਛੇ ਖਲੋਤੇ ਪੁਲਸੀਏ ਉਨ੍ਹਾਂ ਨੂੰ ਹੁਝਾਂ ਤੇ ਹੂਰੇ ਮਾਰ ਮਾਰ ਕੇ ਅਧਮੋਏ ਕਰ ਸੁਟਦੇ ਸਨ। ਉਨ੍ਹਾਂ ਕਿਹਾ ਕਿ ਤਪਦੇ ਪੀਪਿਆਂ ਦੀ ਤਪਸ਼ ਤੇ ਕੰਨਾਂ 'ਚ ਪੈਂਦੇ ਖੜਾਕ ਨਾਲ ਉਹ ਡੌਰ ਭੌਰ ਹੋ ਜਾਂਦੇ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਅਣਮਨੁਖੀ ਤਸੀਹਿਆਂ ਵਿਚੋਂ ਉਹ ਗੁਰੂ ਗੋਬਿੰਦ ਸਿੰਘ ਦਾ ਨਾਂ ਜਪ ਕੇ ਹੀ ਬਚੇ ਰਹੇ ਹਨ। ਵਰਨਾ ਉਨ੍ਹਾਂ ਦੇ ਜੀਉਂਦੇ ਰਹਿਣ ਦਾ ਕੋਈ ਸਬੱਬ ਨਹੀਂ ਸੀ।

ਉਨ੍ਹਾਂ ਕਿਹਾ ਕਿ ਇਸਤੋਂ ਬਿਨਾਂ ਉਨ੍ਹਾਂ ਨੂੰ ਬਿਜਲੀ ਦੇ ਬਹੁਤ ਵੱਡੀ ਪਾਵਰ ਦੇ ਬਲਬਾਂ ਸਾਹਮਣੇ ਅੱਖਾਂ ਖੋਲ੍ਹ ਕੇ ਖਲਾਰਿਆ ਗਿਆ ਤੇ ਦਿਨੇ ਕੀ, ਰਾਤੀਂ ਵੀ ਸੌਣ ਨਹੀਂ ਦਿਤਾ ਗਿਆ।

ਸਥਾਨਕ ਸ਼ਹਿਰੀ ਅਕਾਲੀ ਜਥੇ ਦੇ ਪ੍ਰਧਾਨ ਜ: ਜਸਵੰਤ ਸਿੰਘ ਨੇ ਪੁਲਿਸ ਵਲੋਂ ਬੇਦੋਸ਼ੇ ਤੇ ਮਾਸੂਮ ਸਿੱਖਾਂ ਨੂੰ ਤਸੀਹੇ ਦੇਣ ਦੀ ਲੜੀ ਨੂੰ ਤੋਰਦਿਆਂ ਇਹ ਵੀ ਦਸਿਆ ਕਿ ਇਥੋਂ ਦੇ ਜੂਨੀਅਰ ਟੈਕਨੀਕਲ ਸਕੂਲ ਦੇ ਮਾਸਟਰ ਸ: ਜੁਗਿੰਦਰ ਸਿੰਘ ਉਤੇ ਹੋਏ ਪੁਲਿਸ ਤਸ਼ੱਦਦ ਦੀ ਸ਼ਹਾਦਤ ਉਸਦੇ ਹੋਏ ਡਾਕਟਰੀ ਮੁਆਇਨੇ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਜਦ ਸ: ਜੁਗਿੰਦਰ ਸਿੰਘ ਦਾ ਡਾਕਟਰੀ ਮੁਆਇਨਾ ਹੋਇਆ ਤਾਂ ਡਾਕਟਰ ਨੇ ਉਸ ਨੂੰ ਹਾਈ ਬਲੱਡ ਪ੍ਰੈਸ਼ਰ ਦਾ ਮਰੀਜ਼ ਦਸਦਿਆਂ ਉਸਦੇ ਸਰੀਰ ਤੇ ਲਗੀਆਂ ਸੱਟਾਂ ਬਾਰੇ ਲਿਖਿਆ ਕਿ ਉਨ੍ਹਾਂ



www.AKJ.Org

ਵਿਚੋਂ ਦੋ ਸੱਟਾਂ ਪਿਛਲੇ ੨੪ ਘੰਟਿਆਂ 'ਚ ਤੇ ੧ ਸੱਟ ਪਿਛਲੇ ੭੨ ਘੰਟਿਆਂ ਵਿਚ ਲਗੀ ਹੋਈ ਦਸੀ। ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਡਾਕਟਰੀ ਮੁਆਇਨੇ ਤੋਂ ਕਈ ਦਿਨ ਪਹਿਲਾਂ ਉਹ ਦਿਨ ਰਾਤ ਪੁਲਿਸ ਹਿਰਾਸਤ ਵਿਚ ਹੀ ਰਖਿਆ ਗਿਆ ਹੈ, ਉਨ੍ਹਾਂ ਕਿਹਾ ਕਿ ਪਿਛੋਂ ਪੁਲਿਸ ਦੇ ਦਬਾਅ ਪਾਣ ਉਤੇ ਸ: ਜੁਗਿੰਦਰ ਸਿੰਘ ਨੂੰ ਢਾਈ ਘੰਟੇ ਪਿਛੋਂ ਹਸਪਤਾਲੋਂ ਹੀ ਛੁਟੀ ਦੇ ਦਿਤੀ ਗਈ ਤੇ ਮੁੜ ਉਹ ਜੇਲ੍ਹ ਭੇਜ ਦਿਤਾ ਗਿਆ। ਉਨ੍ਹਾਂ ਕਿਹਾ ਕਿ ਇਨ੍ਹਾਂ ਸਾਰੇ ਹਾਲਾਤ ਬਾਰੇ ਉਨ੍ਹਾਂ ਨੇ ਉਸ ਵੇਲੇ ਤਾਰਾਂ ਰਾਹੀਂ ਉਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਸੀ।

ਉਨ੍ਹਾਂ ਦਸਿਆ ਕਿ ਅੰਮ੍ਰਿਤਸਰ 'ਚ ਪੰਜਾਬ ਐਂਡ ਸਿੰਧ ਬੈਂਕ ਦੀ ਇਕ ਬ੍ਰਾਂਚ ਦੇ ਮੈਨੇਜਰ ਸ: ਬਖ਼ਸ਼ੀਸ ਸਿੰਘ ਨੂੰ ਪੁਲਸ ਵਲੋਂ ਤਸੀਹੇ ਦੇਣ ਦੀ ਕਹਾਣੀ ਤਾਂ ਸਾਰੀਆਂ ਹੀ ਮਾਨਵ ਹਦਾਂ ਟੱਪ ਜਾਂਦੀ ਹੈ। ਪੁਲਿਸ ਨੇ ਉਸ ਨੂੰ ਸਿਰਫ ਇਸ ਕਰਕੇ ਫੜਿਆ ਹੈ ਕਿ ਉਹ ਮੈਨੇਜਰ ਹੋਣ ਦੇ ਬਾਵਜੂਦ ਵੀ ਨਿਹੰਗ ਸਿੰਘਾਂ ਵਾਲਾ ਬਾਣਾ ਪਹਿਨਦਾ ਹੈ ਤੇ ਸ਼ਸਤਰ ਧਾਰਨ ਕਰਦਾ ਹੈ। ਪੁਲਿਸ ਨੇ ਉਸ ਦਾ ਮਾਰ ਮਾਰ ਬੁਰਾ ਹਾਲ ਕਰ ਦਿਤਾ। ਉਸ ਦੇ ਪਿਤਾ ਕੈਪਟਨ ਰਾਮ ਸਿੰਘ ਰਿਟਾਇਰਡ ਨੇ ਕਪੂਰਥਲੇ ਦੀ ਅਦਾਲਤ 'ਚ ਅਰਜ਼ੀ ਦਿਤੀ ਕਿ ਉਸ ਨੂੰ ਸ਼ੱਕ ਹੈ ਕਿ ਪੁਲੀਸ ਨੇ ਉਸਦੇ ਪੁਤਰ ਨੂੰ ਮਾਰ ਦਿਤਾ, ਇਸ ਕਰਕੇ ਉਸ ਨੂੰ ਅਦਾਲਤ ਵਿਚ ਪੇਸ਼ ਕੀਤਾ ਜਾਏ। ਅਦਾਲਤ ਦੇ ਜ਼ੋਰ ਦੇਣ ਉਤੇ ਪੁਲਸ ਨੇ ਉਸ ਨੂੰ ਸ਼ਾਮੀ ਜਾ ਕੇ ਪੇਸ਼ ਕੀਤਾ। ਦਸਿਆ ਜਾਂਦਾ ਹੈ ਕਿ ਜਦ ਉਸ ਨੂੰ ਅਦਾਲਤ ਵਿਚ ਲਿਆਂਦਾ ਗਿਆ ਤਾਂ ਉਸ ਦਾ ਨਿਹੰਗ ਸਿੰਘਾਂ ਵਾਲਾ ਬਾਣਾ ਲੀਰੋ ਲੀਰ ਹੋਇਆ ਪਿਆ ਸੀ,ਇਥੋਂ ਤਕ ਕਿ ਉਸ ਦਾ ਕਛਹਿਰਾ ਵੀ ਕਈ ਥਾਈਂ ਤੋਂ ਪਾਟਾ ਹੋਇਆ ਸੀ। ਉਸ ਦੇ ਕਪੜੇ ਥਾਂ ਥਾਂ ਤੋਂ ਲਹੂ ਨਾਲ ਲਿਬੜੇ ਸਨ। ਉਸ ਤੋਂ ਚੰਗੀ ਤਰ੍ਹਾਂ ਬੋਲਿਆ ਨਹੀਂ ਸੀ ਜਾਂਦਾ। ਉਸ ਵਿਚ ਉਠ ਕੇ ਤੁਰਨ ਤਕ ਦੀ ਹਿੰਮਤ ਨਹੀਂ ਸੀ, ਜਿਸ ਕਰਕੇ ਉਸ ਨੂੰ ਚੁਕ ਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। ਮਗਰੋਂ ਉਸ ਦੇ ਵਾਰਸਾਂ ਨੇ ਅਦਾਲਤ ਦੇ ਬਾਹਰ ਹੀ ਉਸਦੇ ਕਪੜੇ ਬਦਲਾਏ।

ਸ: ਬਖਸ਼ੀਸ਼ ਸਿੰਘ ਨੇ ਦਸਿਆ ਕਿ ਉਸ ਨੇ ਪਿਛਲੇ ੭੨ ਘੰਟਿਆਂ ਤੋਂ ਕੁਝ ਨਹੀਂ ਖਾਧਾ, ਕਿਉਂਕਿ ਪੁਲਿਸ ਉਸ ਦੇ ਅੰਮ੍ਰਿਤ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੀ ਹੈ। ਉਸਨੇ ਦਸਿਆ ਕਿ ਉਹਨੂੰ ਛੋਲੇ ਮੰਗਣ ਉਤੇ ਵੀ ਨਹੀਂ ਦਿਤੇ ਗਏ। ਪਤਾ ਲਗਾ ਹੈ ਕਿ ਉਸ ਰਾਤ ਨੂੰ ਪੁਲਿਸ ਉਸ ਨੂੰ ਫਗਵਾੜਾ ਲੈ ਗਈ ਤੇ ਰਾਤੀਂ ੮ ਵਜੇ ਦੇ ਪਿਛੋਂ ਹਨੇਰੇ ਵਿਚ ਮੈਜਿਸਟਰੇਟ ਸ੍ਰੀ ਹਾਂਡਾ ਦੀ ਕੋਠੀ ਵਿਚ ਉਸਦਾ ੨੧ ਜੂਨ ਤਕ ਜੁਡੀਸ਼ਲ ਰਿਮਾਂਡ ਲੈ ਲਿਆ ਗਿਆ ਹੈ। ਪਤਾ ਲਗਾ ਹੈ ਕਿ ਉਸ ਨੂੰ ਨਰੂੜ ਪਾਂਛਟਾ ਵਿਖੇ ਕਤਲ ਹੋਏ ਮਹਿੰਦਰ ਪਾਲ ਗੋਲੀ ਕਾਂਡ ਵਿਚ ਫਸਾਇਆ ਹੈ ਤੇ ਉਸ ਉਤੇ ੧੨੪ ਏ. ਤੇ ੩੦੨ ਦੇ ਕਈ ਕੇਸ ਪਾ ਦਿਤੇ ਹਨ।

ਬਖਸ਼ੀਸ਼ ਸਿੰਘ ਦੇ ਪਿਤਾ ਸ: ਰਾਮ ਸਿੰਘ ਨੇ ਦਸਿਆ, ਉਨ੍ਹਾਂ ਦੇ ਪੁਤਰ ਨੂੰ ਅੰਮ੍ਰਿਤਸਰ ਇੰਟੈਰੋਗੇਸ਼ਨ ਸੈਂਟਰ ਤੋਂ ਪੁਲਿਸ ਪੇਸ਼ੀ ਤੋਂ ਇਕ ਦਿਨ ਪਹਿਲਾਂ ਹੀ ਹਨੇਰੇ ਹਨੇਰੇ ਕਪੂਰਥਲੇ ਲੈ ਆਈ ਤੇ ਸਦਰ ਥਾਣੇ ਵਿਚ ਡੱਕ ਦਿਤਾ। ਉਨ੍ਹਾਂ ਕਿਹਾ ਕਿ ਪੁਲਸ ਨੇ ਬਖਸ਼ੀਸ਼ ਸਿੰਘ ਨੂੰ ਰਈਏ ਦੇ ਕੋਲ ਨੱਠ ਗਿਆ ਦਸ ਕੇ, ਪੁਲਿਸ-ਮੁਕਾਬਲੇ ਵਿਚ ਮਾਰ ਸੁਟਣਾ ਸੀ। ਇਸੇ ਲਈ ਉਸਨੂੰ ਸਾਰੀ ਦਿਹਾੜੀ ਅਦਾਲਤ ਵਿਚ ਪੇਸ਼ ਨਾ ਕੀਤਾ ਗਿਆ। ਉਨ੍ਹਾਂ ਅਕਾਲੀ ਨੇਤਾਵਾਂ ਤੇ ਸਿੱਖ ਜਥੇਬੰਦੀਆਂ ਨੂੰ ਬੇਨਤੀ ਕੀਤੀ ਕਿ ਤੁਰੰਤ ਦਖਲ ਦੇ ਕੇ ਉਸਦੇ ਪੁੱਤਰ ਵਰਗੇ ਹੋਰਨਾਂ ਅਨੇਕਾਂ ਨਿਰਦੋਸ਼ੇ ਸਿੱਖਾਂ ਨੂੰ ਦਿਤੇ ਜਾਦੇ ਤਸੀਹਿਆਂ ਤੋਂ ਬਚਾਉਣ।

## ਪੁਲੀਸ ਵਲੋਂ ਭਾਈ ਬਖ਼ਸੀਸ਼ ਸਿੰਘ ਤੇ ਤਸ਼ੱਦਦ
## ਬੀਬੀ ਰਾਜਿੰਦਰ ਕੌਰ ਦਾ ਬਿਆਨ

ਅੰਮ੍ਰਿਤਸਰ ੨੦ ਜੂਨ—(ਵਿਸ਼ੇਸ਼ ਪ੍ਰਤੀਨਿਧ) ਇਸਤ੍ਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਰਜਿੰਦਰ ਕੌਰ ਐਮ. ਪੀ. ਨੇ ਇਹ ਡਰ ਪ੍ਰਗਟ ਕੀਤਾ ਹੈ ਕਿ ਪੁਲੀਸ ਸ: ਕੁਲਵੰਤ ਸਿੰਘ ਦੀ ਤਰ੍ਹਾਂ ਹੀ ਭਾਈ ਬਖਸ਼ੀਸ਼ ਸਿੰਘ ਨੂੰ



www.AKJ.Org

ਵੀ ਸ਼ਹੀਦ ਕਰ ਦੇਵੇਗੀ। ਪਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੀਬੀ ਜੀ ਨੇ ਦਸਿਆ ਕਿ ਭਾਈ ਬਖਸ਼ੀਸ਼ ਸਿੰਘ ਤੇ ਪੁਛਗਿੱਛ ਕੇਂਦਰ ਵਿਚ ਪੁਲੀਸ ਬੇਤਹਾਸ਼ਾ ਤਸ਼ੱਦਦ ਕਰ ਰਹੀ ਹੈ ਅਤੇ ਉਨ੍ਹਾਂ ਪਿਛਲੇ ੫ ਦਿਨਾਂ ਤੋਂ ਖਾਣਾ ਨਹੀਂ ਖਾਧਾ। ਭਾਈ ਬਖਸ਼ੀਸ਼ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਿਚ ਸੀਨੀਅਰ ਅਫਸਰ ਹਨ ਅਤੇ ਉਨ੍ਹਾਂ ਨੂੰ ਕਪੂਰਥਲਾ ਪੁਲੀਸ ਨੇ ਪਾਂਛਟਾ ਕਤਲ ਕੇਸ ਵਿਚ ਫਸਾ ਦਿਤਾ ਹੈ। ਬੀਬੀ ਜੀ ਨੇ ਦਸਿਆ ਕਿ ਭਾਈ ਬਖਸ਼ੀਸ਼ ਸਿੰਘ ਅੰਮ੍ਰਿਤਧਾਰੀ ਹਿੰਘ ਹਨ ਤੇ ਉਹ ਕਿਸੇ ਦਾ ਬਣਿਆ ਖਾਣਾ ਨਹੀਂ ਖਾਂਦੇ।

ਉਨ੍ਹਾਂ ਨੇ ਬੀ. ਕੇ. ਹਾਈ ਸਕੂਲ ਦੇ ਇਕ ਮਾਸਟਰ ਸ: ਹਰਭਜਨ ਸਿੰਘ ਦੀ ਹੋਈ ਭੇਦ ਭਰੀ ਮੌਤ ਦੀ ਜਾਂਚ ਕਰਾਉਣ ਦੀ ਮੰਗ ਕੀਤੀ। ਉਨ੍ਹਾਂ ਦਸਿਆ ਕਿ ਬਦਲੇ ਦੀ ਭਾਵਨਾ ਨਾਲ ਸਕੂਲ ਦੇ ਅਧਿਕਾਰੀਆਂ ਨੇ ਹੀ ਸ: ਹਰਭਜਨ ਸਿੰਘ ਨੂੰ ਪੁਲੀਸ ਦੇ ਹਵਾਲੇ ਇਹ ਕਹਿ ਕੇ ਕਰ ਦਿਤਾ ਸੀ ਕਿ ਉਸ ਦੇ ਕਥਿਤ ਅਤਵਾਦੀ ਸਿੰਘਾਂ ਨਾਲ ਸੰਬੰਧ ਹਨ। ਕਿਉਂਕਿ ਉਸ ਨੇ ਏਸੇ ਸਕੂਲ ਦੇ ਇਕ ਫਿਰਕੂ ਮਾਸਟਰ ਦੀ ਸਿੱਖਾਂ ਵਿਰੁਧ ਗ਼ਲਤ-ਬਿਆਨੀ ਕਰਨ ਤੇ ਮੁਰੰਮਤ ਕੀਤੀ ਸੀ। ਪੁਲੀਸ ਨੇ ਸ: ਹਰਭਜਨ ਸਿੰਘ ਤੇ ਬਹੁਤ ਤਸ਼ੱਦਦ ਕੀਤਾ ਅਤੇ ਰਿਹਾਈ ਤੋਂ ਕੁਝ ਦਿਨ ਪਿਛੋਂ ਹੀ ਉਹ ਚਲਾਣਾ ਕਰ ਗਏ। ਬੀਬੀ ਜੀ ਨੇ ਸ਼ੱਕ ਪ੍ਰਗਟ ਕੀਤਾ ਹੈ ਕਿ ਸ: ਹਰਭਜਨ ਸਿੰਘ ਦੀ ਪੁਲੀਸ ਤਸ਼ੱਦਦ ਕਾਰਨ ਮੌਤ ਹੋਈ ਹੈ। ਉਨ੍ਹਾਂ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

---

## ਜਿਸ ਸਿਖ ਨੂੰ ਪੁਲਿਸ ਹੱਥ ਪਾਵੇ, ਉਸਦੇ ਵਾਰਿਸ ਤੁਰੰਤ ਚੰਡੀਗੜ੍ਹ ਪੁਜਣ

ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਦੇ ਸਕੱਤਰ ਸ: ਭਾਨ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਜਿਥੇ ਕਿਤੇ ਵੀ ਪੁਲਿਸ ਕਿਸੇ ਗੁਰਸਿਖ ਨੂੰ ਗ੍ਰਿਫਤਾਰ ਕਰਨ ਲਈ ਛਾਪਾ ਮਾਰਦੀ ਹੈ, ਉਸਦੇ ਵਾਰਿਸ ਤੁਰੰਤ ਹੀ ਚੰਡੀਗੜ੍ਹ ਪੁਜ ਕੇ ਸ: ਗੁਰਚਰਨ ਸਿੰਘ ਗਰੇਵਾਲ ਅਤੇ ਸ: ਪਿਆਰਾ ਸਿੰਘ ਮਾਨ ਐਡਵੋਕੇਟ ਪੰਜਾਬ ਅਤੇ ਹਰਿਆਣਾ ਹਾਈਕੋਰਟ, ਜੋ ਪੰਥਕ ਕੇਸਾਂ ਦੀ ਪੈਰਵੀ ਸੇਵਾ ਭਾਵ ਨਾਲ ਕਰ ਰਹੇ ਹਨ, ਰਾਹੀਂ ਹਾਈ ਕੋਰਟ ਤੋਂ ਪੇਸ਼ਗੀ ਜ਼ਮਾਨਤ ਕਰਵਾਉਣ ਲਈ ਦਰਖ਼ਾਸਤਾਂ ਦੇ ਦੇਣ। ਇਸ ਤਰ੍ਹਾਂ ਕਰਨ ਨਾਲ ਪੁਲਿਸ ਵਲੋਂ ਬਿਨਾਂ ਮੁਕੱਦਮਾ ਦਰਜ ਕਰਨ ਅਤੇ ਗ੍ਰਿਫਤਾਰ ਹੋਣ ਵਾਲੇ ਵਿਅਕਤੀ ਨੂੰ ਪੁਲਿਸ ਤਸ਼ੱਦਦ ਤੋਂ ਬਚਾਇਆ ਜਾ ਸਕਦਾ ਹੈ।

---

## ਭਾਈ ਮਨਮੋਹਨ ਸਿੰਘ ਹੋਮਗਾਰਡ ਵਾਲੇ ਨੂੰ ਪੁਲਿਸ ਲੈ ਗਈ

ਰੋਜ਼ਾਨਾ 'ਅਜੀਤ' ੨੫ ਜੂਨ ਵਿਚ ਖਬਰ ਹੈ ਕਿ ਚੋਗਾਵਾਂ ਬਲਾਕ ਦੇ ਭੀਲੋਵਾਲ ਪਿੰਡ ਦੇ ਭਾਈ ਮਨਮੋਹਨ ਸਿੰਘ (ਅੰਮ੍ਰਿਤਧਾਰੀ ਸਿੰਘ) ਹੋਮਗਾਰਡ ਵਾਲੇ ਨੂੰ ਪੁਲਿਸ ਨੇ ਫੜ ਲਿਆ ਹੈ। ਸ਼੍ਰੋ: ਅਕਾਲੀ ਦਲ ਵਲੋਂ ਗਵਰਨਰ ਤੇ ਹੋਰ ਉਚ ਅਹੁਦੇਦਾਰਾਂ ਨੂੰ ਤਾਰਾਂ ਦਿਤੀਆਂ ਗਈਆਂ ਹਨ ਕਿ ਉਨ੍ਹਾਂ ਨੂੰ ਡਰ ਹੈ ਕਿ ਮਨਮੋਹਨ ਸਿੰਘ ਨੂੰ ਕਿਧਰੇ ਖਤਮ ਨਾ ਕਰ ਦਿਤਾ ਜਾਵੇ।

---

## ਗੁ: ਕਿਲ੍ਹਾ ਲੋਹਗੜ੍ਹ ਸਾਹਿਬ ਤੇ ਗੁਰੂ ਕੇ ਮਹਿਲ ਵਿਖੇ ਅਖੰਡ ਕੀਰਤਨ

**ਸ੍ਰੀ ਅੰਮ੍ਰਿਤਸਰ ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਵਿਖੇ ੧੮ ਜੁਲਾਈ ਐਤਵਾਰ ਸ਼ਾਮ ਨੂੰ ਅਤੇ-ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ੨੫ ਜੁਲਾਈ ਸ਼ਾਮ ਨੂੰ ੫-੩੦ ਤੋਂ ੮ ਤਕ ਸੋਦਰ ਦੀ ਚੌਕੀ ਦੇ ਕੀਰਤਨ ਅਖੰਡ ਕੀਰਤਨੀ ਜਥੇ ਵਲੋਂ ਹੋਣਗੇ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ।**



www.AKJ.Org

# ਮਾਪਿਆਂ ਦੀ ਸੇਵਾ–ਸ੍ਰੇਸ਼ਟ ਕਰਮ ਤੇ ਪਰਮ ਧਰਮ

[ਵਲੋਂ—ਗਿ: ਕਰਤਾਰ ਸਿੰਘ ਜੀ ਕੋਮਲ, ਸ੍ਰੀ ਨਗਰ, ਕਸ਼ਮੀਰ]

ਮਾਪਿਆਂ ਦੀ ਸੇਵਾ-ਸੰਭਾਲ ਮਸਾਂ ਸੌ ਵਿਚੋਂ ਪੰਜੀ ਕੁ ਸੁਘੜ ਧਰਮੀ ਪੁੱਤਰ ਕਰਦੇ ਹਨ। ਬਹੁ-ਗਿਣਤੀ ਮਾਪਿਆਂ ਨਾਲ ਕੋਝਾ ਵਰਤਾਉ ਹੀ ਕਰਦੀ ਹੈ। ਸੁਖਮਨੀ ਸਾਹਿਬ ਚੌਥੀ ਅਸ਼ਟਪਦੀ ਦੀ ਪਹਿਲੀ ਪਉੜੀ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ–

ਬਿਰਧਿ ਭਇਆ ਊਪਰਿ ਸਾਕ ਸੈਨ ॥ ਮੁਖਿ ਅਪਿਆਉ ਬੈਠ ਕਉ ਦੈਨ ॥

ਅਰਥਾਤ–(ਹੇ ਮਨੁਖ !) (ਜਦ ਤੂੰ) ਬੁੱਢਾ ਹੋ ਜਾਂਦਾ ਹੈਂ (ਤਾਂ) ਸੇਵਾ ਕਰਨ ਨੂੰ ਸਾਕ ਸਜਣ (ਹੁੰਦੇ ਹਨ), ਜੋ ਬੈਠੇ ਹੋਏ ਨੂੰ ਮੁਖ ਵਿਚ ਚੰਗੇ ਭੋਜਨ ਦੇਂਦੇ ਹਨ (ਇਸ ਲਈ ਪ੍ਰਭੂ ਨੂੰ ਚੇਤੇ ਕਰ)।

ਸਾਕਾਂ ਸਜਣਾਂ ਵਿਚੋਂ ਸਭ ਤੋਂ ਵਡੀ ਜ਼ਿਮੇਵਾਰੀ ਪੁੱਤਰ ਜਾਂ ਪੁੱਤਰਾਂ ਦੀ ਹੀ ਹੋ ਸਕਦੀ ਹੈ। ਉਨ੍ਹਾਂ ਦਾ ਪਰਮ ਧਰਮ ਬਣਦਾ ਹੈ ਕਿ ਜਿਵੇਂ ਮਾਪਿਆਂ ਨੇ ਉਨ੍ਹਾਂ ਦੀ ਖ਼ਾਤਰ ਆਪ ਸਰਦੀ ਗਰਮੀ ਸਹਿ ਕੇ, ਦੁਖ ਸੁਖ ਕਟ ਕੇ ਤੇ ਮੁਸੀਬਤਾਂ ਝਲ ਕੇ ਉਨ੍ਹਾਂ ਨੂੰ ਪਾਲਿਆ ਪੋਸਿਆ ਹੈ, ਓਵੇਂ ਉਹ ਭੀ ਮਾਪਿਆਂ ਦੀ ਬਿਰਧ ਅਵਸਥਾ ਵਿਚ ਸੇਵਾ-ਸੰਭਾਲ ਕਰਿਆ ਕਰਨ। ਉਹ ਇਹ ਗੱਲ ਸਦਾ ਚੇਤੇ ਰਖਣ ਕਿ ਕਰਤਾਰ ਨੇ ਇਹ ਸੇਵਾ ਸਾਨੂੰ ਬਖ਼ਸ਼ੀ ਹੈ। ਅਸਾਂ ਭੀ ਇਕ ਦਿਨ ਬੁਢੇ ਹੋਣਾ ਹੈ। ਅਸੀਂ ਜੇ ਆਪਣੇ ਮਾਪਿਆਂ ਦੀ ਤਨੋਂ ਮਨੋਂ ਪਿਆਰ ਸਤਿਕਾਰ ਨਾਲ ਸੇਵਾ-ਸੰਭਾਲ ਕਰਾਂਗੇ ਤਾਂ ਸਾਡੇ ਬੱਚੇ ਭੀ ਸਾਡੀ ਸੇਵਾ ਕਰਨਗੇ। 'ਗੁਰਮਤ ਮਾਰਤੰਡ' ਦੇ ਕਰਤਾ ਜੀ ਨੇ ਕਿੰਨਾ ਸੋਹਣਾ ਲਿਖਿਆ ਹੈ–

'ਸੰਤਾਨ ਦਾ ਧਰਮ ਹੈ ਕਿ ਮਾਤਾ ਪਿਤਾ ਨੂੰ ਦੇਵਤਾ ਰੂਪ ਜਾਣ ਕੇ ਸੇਵਨ ਕਰੇ ਅਤੇ ਆਗਿਆ ਪਾਲਨ ਕਰਕੇ ਆਤਮਾ ਪ੍ਰਸੰਨ ਕਰੇ ਅਰ ਸੁਯੋਗਤਾ ਦਵਾਰਾ ਉਤਮ ਆਚਾਰ ਦੇ ਪ੍ਰਭਾਵ ਨਾਲ ਕੁਲਭੂਸ਼ਣ ਹੋਵੇ।'

ਪੁੱਤਰ ਨੂੰ ਇਸ ਸੇਵਾ ਦਾ ਅਹਿਸਾਸ ਤੇ ਵੀਚਾਰ ਹੋਣੀ ਚਾਹੀਦੀ ਹੈ ਕਿ ਇਹ ਮੇਰਾ ਸ੍ਰੇਸ਼ਟ ਕਰਮ ਹੈ। ਜਿਹੜੇ ਪੁੱਤਰ ਇਸ ਸੇਵਾ ਦੀ ਮਹੱਤਤਾ ਨੂੰ ਨਹੀਂ ਸਮਝਦੇ ਅਤੇ ਇਸ ਸ੍ਰੇਸ਼ਟ ਗਿਆਨ ਨੂੰ ਨਹੀਂ ਜਾਣਦੇ, ਜਾਂ ਜਾਣਦੇ ਹੋਏ ਭੀ ਕੁਰਾਹੇ ਪੈ ਜਾਇਆ ਕਰਦੇ ਹਨ, ਉਨ੍ਹਾਂ ਬਾਰੇ ਹੀ ਭਗਤ ਕਬੀਰ ਜੀ ਨੇ ਗਉੜੀ ਰਾਗ ਵਿਚ ਫੁਰਮਾਇਆ ਹੈ–

ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥
ਬਿਧਵਾ ਕਸ ਨ ਭਈ ਮਹਤਾਰੀ ॥੧॥ (੩੨੮)

ਭਾਈ ਕਾਨ੍ਹ ਸਿੰਘ ਜੀ ਨਾਭਾ ਇਸ ਤੁਕ ਦੇ ਭਾਵ-ਅਰਥ ਇਸ ਤਰ੍ਹਾਂ ਲਿਖਦੇ ਹਨ ਕਿ "ਵਿਦਵਾਨ ਤੇ ਵਿਵੇਕੀ ਵੀਚਾਰਵਾਨ ਸੰਤਾਨ ਤੋਂ ਬਿਨਾਂ ਨਾਲਾਇਕ ਔਲਾਦ ਦਾ ਨਾ ਹੋਣਾ ਹੀ ਅੱਛਾ ਹੈ।"

ਜਿਹੜੇ ਪੁੱਤਰ ਇਸਤ੍ਰੀ ਦੇ ਸਿਖਾਏ ਹੋਏ ਮਾਪਿਆਂ ਨਾਲ ਝਗੜਦੇ ਹਨ ਉਨ੍ਹਾਂ ਬਾਰੇ ਸ੍ਰੀ ਗੁਰੂ ਰਾਮਦਾਸ ਜੀ ਰਾਗ ਸਾਰੰਗ ਵਿਚ ਫੁਰਮਾਂਦੇ ਹਨ :–

ਕਾਹੇ ਪੂਤ ਝਗਰਤ ਹੌ ਸੰਗ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹੌ ਤਿਨ ਸਿਉ ਝਗਰਤ ਪਾਪ ॥੧॥ਰਹਾਉ॥ (੧੨੦੦)

ਗੁਰਮਤ ਮਾਰਤੰਡ ਦੇ ਲੇਖਕ ਨੇ ਇਸ ਤੁਕ ਦੀ ਵਿਆਖਿਆ ਇਉਂ ਕੀਤੀ ਹੈ–"ਮਾਤਾ ਪਿਤਾ ਦੀ ਬੇਅਦਬੀ ਮਹਾਂ ਪਾਪ ਹੈ। ਉਨ੍ਹਾਂ ਦੀ ਆਗਿਆ ਮੰਨਣੀ ਅਰ ਸੇਵਾ ਕਰਨੀ ਸ਼੍ਰੋਮਣੀ ਪੁੰਨ ਹੈ।"

ਜਿਹੜੇ ਪੁੱਤਰ ਮਾਪਿਆਂ ਦੀ ਆਗਿਆ ਦਾ ਪਾਲਣ ਕਰਦੇ, ਉਨ੍ਹਾਂ ਦੀ ਸੇਵਾ ਖਿੜੇ ਮੱਥੇ ਕਰਦੇ ਹਨ, ਉਨ੍ਹਾਂ ਦੀਆਂ ਝੋਲੀਆਂ ਮਾਪਿਆਂ ਦੀਆਂ ਅਸੀਸਾਂ ਨਾਲ ਭਰੀਆਂ ਜਾਂਦੀਆਂ ਹਨ ਅਤੇ ਉਹ ਉਨ੍ਹਾਂ ਅਸੀਸਾਂ ਸਦਕਾ ਸੁਖੀ ਜੀਵਨ ਬਤੀਤ ਕਰਦੇ ਹਨ। ਮਾਪਿਆਂ ਦੀ ਅਸੀਸ ਸਭ ਤੋਂ ਵਡੀ ਦੌਲਤ ਤੇ ਮਨ ਦੀ ਸ਼ਾਂਤੀ



www.AKJ.Org

ਦਾ ਭਾਰੀ ਭੰਡਾਰਾ ਹੈ ।

ਪਰ ਪਤਾ ਨਹੀਂ ਕਿਉਂ, ਪੁਤਰ ਮਾਂ ਬਾਪ ਦੇ ਮਹਾਨ ਉਪਕਾਰ ਭੁਲ ਜਾਂਦੇ ਹਨ ਅਤੇ ਅਗਿਆਨਤਾ ਦੇ ਘੋੜੇ ਤੇ ਸਵਾਰ ਹੋ ਕੇ ਉਹ ਕੁਝ ਕਰਨ ਲਗ ਪੈਂਦੇ ਹਨ,ਜਿਸ ਨੂੰ ਬਿਆਨ ਕਰਦਿਆਂ ਕਲਮ ਭੀ ਕੰਬਦੀ ਹੈ ।

ਸਿਖ ਧਰਮ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਵਾਰ ੩੭ ਦੀਆਂ ਤਿੰਨ ਪਉੜੀਆਂ ਵਿਚ ਮਾਪਿਆਂ ਦੇ ਉਪਕਾਰ ਤੇ ਉਨ੍ਹਾਂ ਦੀਆਂ ਪੁਤਰਾਂ ਲਈ ਸਧਰਾਂ 'ਤੇ ਜਿਥੇ ਚਾਨਣਾ ਪਾਇਆ ਹੈ ਉਥੇ ਪੁਤਰਾਂ ਦੀ ਤੋਤਾ-ਚਸ਼ਮੀ ਨੂੰ ਚੰਗੀ ਤਰ੍ਹਾਂ ਕੋਸਿਆ ਤੇ ਨਿੰਦਿਆ ਹੈ । ਅਸੀਂ ਇਥੇ ਇਸ ੩੭ਵੀਂ ਵਾਰ ਦੀ ਪਉੜੀ ਨੰਬਰ ੧੦, ੧੧ ਤੇ ੧੨ ਲਿਖ ਨਹੀਂ ਰਹੇ, ਪਰ ਗੁਰਸਿਖ ਬੱਚੇ ਇਹ ਪਉੜੀਆਂ ਪੜ੍ਹਨ ਵਿਚਾਰਨ ਅਤੇ ਇਨ੍ਹਾਂ ਦੇ ਅੰਤਰੀਵ ਭਾਵ ਨੂੰ ਤਨੋਂ ਮਨੋਂ ਸਮਝ ਕੇ ਅਮਲ ਕਰਨ ।

'ਗੁਰਮਤ ਪ੍ਰਭਾਕਰ' ਦੇ ਕਰਤਾ ਜੀ ਦਸਵੀਂ ਪਉੜੀ ਦੀਆਂ ਅੰਤਲੀਆਂ ਤੁਕਾਂ ਦੀ ਵਿਆਖਿਆ ਕਰਦੇ ਲਿਖਦੇ ਹਨ—"ਮਾਂ ਪਿਉ ਆਪਣੀ ਖੱਟੀ ਸੰਤਾਨ ਵਾਸਤੇ ਲੁਟਾ ਕੇ ਕਲਪਿਤ ਫ਼ਰਜ਼ ਤੋਂ ਬਰੀ ਹੁੰਦੇ ਹਨ ।" ਮਾਂ ਪਿਉ ਦੇ ਫ਼ਰਜ਼ਾਂ ਦੀ ਇਕ ਲੰਮੀ ਸੂਚੀ ਹੈ, ਜਿਸ ਤੇ ਚਾਨਣਾ ਪਾਉਣ ਦੀ ਲੋੜ ਨਹੀਂ । ਉਹ ਫ਼ਰਜ਼ ਨਹੀਂ, ਸਗੋਂ ਸੰਤਾਨ ਲਈ ਭਾਰੀ ਉਪਕਾਰ ਹਨ, ਅਤੇ ਸੰਤਾਨ ਦੇ ਸਿਰ ਤੇ ਭਾਰੀ ਭਾਰ ਹੈ, ਜਿਸ ਨੂੰ ਉਤਾਰਨਾ ਹਰ ਬੱਚੇ ਦਾ ਮੁਖ ਫ਼ਰਜ਼ ਹੈ ।

ਦਸਵੀਂ ਪਉੜੀ ਦੀ ਅੰਤਲੀ ਤੁਕ ਯਾਦ ਰਖਣ ਵਾਲੀ ਹੈ—'ਅਰਿਣਤ ਹੋਏ ਭਾਰ ਉਤਾਰੇ ।'

ਸ਼ਬਦ 'ਅਰਿਣਤ' ਦੇ ਅਰਥ ਹਨ, ਜਿਸ ਦੇ ਸਿਰ ਕਰਜ਼ਾ ਨਹੀਂ । ਇਸ ਤੁਕ ਦੇ ਅਰਥ ਹੋਏ—"ਜੋ ਮਾਂ ਬਾਪ ਦੀ ਪੂਰੀ ਸੇਵਾ ਕਰ ਕੇ, ਉਨ੍ਹਾਂ ਦੇ ਭਾਰੀ ਉਪਕਾਰ ਦਾ ਭਾਰ ਸਿਰੋਂ ਉਤਾਰੇਗਾ ਉਹ ਹੀ ਮਾਂ ਬਾਪ ਦੇ ਭਾਰੀ ਕਰਜ਼ੇ ਤੋਂ ਛੁਟਕਾਰਾ ਪਾ ਸਕਦਾ ਹੈ ।"

ਅਫਸੋਸ ਹੈ ਉਨ੍ਹਾਂ ਪੁੱਤਰਾਂ ਤੇ, ਜੋ ਪਤਨੀਆਂ ਦੇ ਆਖੇ ਲਗ ਕੇ, ਮਾਂ ਬਾਪ ਨੂੰ ਦੁਖੀ ਕਰ ਕੇ, ਉਨ੍ਹਾਂ ਦੀ ਅਵੱਗਿਆ ਕਰ ਕੇ, ਉਨ੍ਹਾਂ ਦੇ "ਲਖ ਉਪਕਾਰ ਵਿਸਾਰਿ ਕੈ" ਵਖ ਹੋ ਜਾਂਦੇ ਹਨ ਅਤੇ ਬੁਢੇ ਮਾਂ ਪਿਉ ਬੁਢੇਪੇ ਕਾਰਨ ਸੇਵਾ-ਸੰਭਾਲ ਤੋਂ ਬਿਨਾਂ ਦੁਖਾਂ ਤੇ ਪ੍ਰੇਸ਼ਾਨੀ ਵਿਚ ਰਹਿੰਦੀ ਜ਼ਿੰਦਗੀ ਬਿਤਾਂਦੇ ਹਨ ।

ਭਾਈ ਗੁਰਦਾਸ ਜੀ ਦੀ ੧੨ਵੀਂ ਪਉੜੀ ਦੀਆਂ ਇਹ ਤੁਕਾਂ ਨੂੰਹਾਂ ਪੁਤਰਾਂ ਨੂੰ ਸਦਾ ਯਾਦ ਰਖਣੀਆਂ ਚਾਹੀਦੀਆਂ ਹਨ— ਨੂੰਹ ਨਿਤ ਕੰਤ ਕੁਮੰਤ ਦੇਇ, ਮਾਂ ਪਿਉ ਛਡਿ ਵਡੇ ਹਤਿਆਰੇ ॥
ਵਖ ਹੋਵੈ ਪੁਤੁ ਰੰਨਿ ਲੈ, ਮਾਂ ਪਿਉ ਦੇ ਉਪਕਾਰ ਵਿਸਾਰੇ ॥
ਲੋਕਾਚਾਰ ਹੁਇ ਵਡੇ ਕੁਚਾਰੇ ॥੧੨॥

ਕਰਤਾ 'ਗੁਰਮਤ ਪ੍ਰਭਾਕਰ' ਇਸ ਅੰਤਲੀ ਤੁਕ ਦੀ ਵਿਆਖਿਆ ਕਰਦੇ ਲਿਖਦੇ ਹਨ : "ਮਾਂ ਬਾਪ ਦੀ ਅਵੱਗਿਆ ਕਰਨ ਵਾਲੇ ਧਰਮ ਅਨੁਸਾਰ ਹੀ ਪਾਪੀ ਨਹੀਂ, ਸਗੋਂ ਭਾਈਚਾਰੇ ਵਿਚ ਭੀ ਵਡੇ ਕੁਕਰਮੀ ਮੰਨੇ ਜਾਂਦੇ ਹਨ ।" 'ਗੁਰਮਤ ਪ੍ਰਭਾਕਰ' ਦੇ ਕਰਤਾ ਅਨੁਸਾਰ "ਸੰਤਾਨ ਤੋਂ ਕੋਈ ਕੰਮ ਅਜਿਹਾ ਹੋਣਾ ਜੋਗ ਨਹੀਂ, ਜਿਸ ਤੋਂ ਮਾਂ ਬਾਪ ਦੇ ਚਿਤ ਨੂੰ ਦੁਖ ਪਹੁੰਚੇ । ਜੋ ਮਾਂ ਬਾਪ ਨੂੰ ਦੁਖੀ ਕਰ ਕੇ ਅਤੇ ਝਗੜੇ ਕਲੇਸ਼ ਕਰ ਕੇ ਵਖ ਹੁੰਦੇ ਹਨ, ਉਹ ਪਾਪੀ ਕੁਪੁਤਰ ਹਨ ।"

ਭਾਈ ਗੁਰਦਾਸ ਜੀ ਨੇ ਇਸੇ ੩੭ਵੀਂ ਵਾਰ ਦੀ ੧੩ਵੀਂ ਪਉੜੀ ਵਿਚ ਦਸਿਆ ਹੈ ਕਿ ਮਾਂ ਪਿਉ ਨੂੰ ਪਰਹਰ (ਤਿਆਗ ਕੇ) ਪਾਠ ਸੁਣਨਾ, ਤਪ ਕਰਨਾ, ਪੂਜਾ-ਪਾਠ ਕਰਨਾ, ਤੀਰਥ-ਇਸ਼ਨਾਨ ਕਰਨਾ, ਦਾਨ ਪੁੰਨ ਕਰਨਾ, ਵਰਤ ਰਖਣੇ, ਆਦਿ ਸਭ ਵਿਅਰਥ ਕਰਮ ਹਨ । ਇਨ੍ਹਾਂ ਕਰਮਾਂ ਦਾ ਮਾਪਿਆਂ ਦੀ ਸੇਵਾ ਨਾ ਕਰਨ, ਮਾਂ ਬਾਪ ਦੀ ਅਸੀਸ ਨਾ ਲੈਣ ਵਾਲੇ ਨੂੰ ਕੋਈ ਭੀ ਲਾਭ ਜਾਂ ਫਲ ਪ੍ਰਾਪਤ ਨਹੀਂ ਹੁੰਦਾ । ਅਜਿਹਾ ਮਨੁੱਖ ਨਾ ਗੁਰੂ ਦੀ ਅਤੇ ਨਾ ਅਕਾਲ ਪੁਰਖ ਦੀ ਸਾਰ ਜਾਣਦਾ ਹੈ । ਸਪਸ਼ਟ ਹੈ ਉਹ ਗੁਰੂ ਅਤੇ ਵਾਹਿਗੁਰੂ ਤੋਂ ਭੁਲਾ



www.AKJ.Org

ਹੋਇਆ ਹੈ । ਇਸ ਪਉੜੀ ਦਾ ਹਰ ਸਿਖ ਬੱਚੇ ਨੂੰ ਰੋਜ਼ ਪਾਠ ਕਰਨਾ ਤੇ ਅਰਥ-ਵਿਚਾਰ ਸਮਝ ਕੇ ਪੂਣ ਕਰਨਾ ਚਾਹੀਦਾ ਹੈ–

ਮਾਂ ਪਿਉ ਪਰਹਰਿ ਸੁਣੈ ਵੇਦੁ, ਨ ਜਾਣੈ ਕਥਾ ਕਹਾਣੀ ॥
ਮਾਂ ਪਿਉ ਪਰਹਰਿ ਕਰੈ ਤਪੁ, ਵਣਖੰਡਿ ਭੁਲਾ ਫਿਰੈ ਬਿਬਾਣੀ ॥
ਮਾਂ ਪਿਉ ਪਰਹਰਿ ਕਰੈ ਪੂਜ, ਦੇਵੀ ਦੇਵ ਨ ਸੇਵ ਕਮਾਣੀ ॥
ਮਾਂ ਪਿਉ ਪਰਹਰਿ ਨ੍ਹਾਵਣਾ, ਅਠਸਠਿ ਤੀਰਥ ਘੁੰਮਣਵਾਣੀ ॥
ਮਾਂ ਪਿਉ ਪਰਹਰਿ ਕਰੈ ਦਾਨ, ਬੇਈਮਾਨ ਅਗਿਆਨ ਪਰਾਣੀ ॥
ਮਾਂ ਪਿਉ ਪਰਹਰਿ ਵਰਤ ਕਰਿ, ਮਰਿ ਮਰਿ ਜੰਮੈ ਭਰਮ ਭੁਲਾਣੀ ॥
ਗੁਰੁ ਪਰਮੇਸਰੁ ਸਾਰ ਨ ਜਾਣੀ ॥੧੩॥

ਇਸ ਪਉੜੀ ਤੋਂ ਸਪਸ਼ਟ ਹੈ ਕਿ ਮਾਂ ਬਾਪ ਦਾ ਤਿਆਗ ਕਰਨ ਵਾਲੇ ਪੁਤਰ ਦਾ ਕੋਈ ਭੀ ਧਰਮ ਕਰਮ ਪਰਵਾਣ ਨਹੀਂ, ਕਿਉਂਕਿ ਉਹ ਬੇ-ਈਮਾਨ ਹੈ । ਮਾਂ ਬਾਪ ਦੀ ਸੇਵਾ ਨਾ ਕਰਨ ਵਾਲਾ ਆਵਾ ਗਵਣ ਦੇ ਚਕਰਾਂ ਵਿਚ ਹੀ ਪਿਆ ਜੰਮਦਾ ਮਰਦਾ ਹੈ । ਇਸ ਤਰ੍ਹਾਂ ਦੇ ਪੁੱਤਰ ਨੂੰ ਕੁਪੁੱਤਰ ਹੀ ਕਿਹਾ ਜਾਂਦਾ ਹੈ । ਹਾਂ, ਜਿਹੜਾ ਮਾਂ ਬਾਪ ਦੀ ਸੇਵਾ ਕਰੇਗਾ, ਉਹ ਆਪਣਿਆਂ ਚੰਗੇ ਕਰਮਾਂ ਨਾਲ ਕੁਲ ਦੇ ਕਲੰਕ ਨੂੰ ਮੇਟ ਕੇ, ਕੁਲ ਨੂੰ ਨੇਕਨਾਮ ਬਣਾਵੇਗਾ ਅਤੇ ਉਹ ਹੀ ਸਪੁੱਤਰ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅਜਿਹੇ ਪੁਤਰਾਂ ਵਾਸਤੇ ਹੀ 'ਗਾਥਾ' ਵਿਚ ਫੁਰਮਾਇਆ ਹੈ–

ਅਪ ਜਸੰ ਮਿਟੰਤ ਸਤ ਪੁਤ੍ਰਹ ॥੧੪॥ (੧੩੬੧)

ਅਰਥਾਤ ਸਪੁੱਤਰਾਂ ਦੇ ਜਨਮਿਆਂ ਅਪ-ਜਸ ਮਿਟਦਾ ਹੈ । ਧਰਮ, ਸਮਾਜ ਅਥਵਾ ਕਾਨੂੰਨ ਵਿਰੁਧ ਕਰਮ ਕਰਨ ਕਾਰਨ, ਬਦਨਾਮ ਹੋ ਚੁਕੀ ਕੁਲ ਜਾਂ ਘਰਾਣੇ ਨੂੰ ਸਪੁਤਰ ਚੰਗੇ ਕੰਮ ਕਰ ਕੇ ਯਸ਼ਵਾਨ ਕਰ ਦਿਆ ਕਰਦਾ ਹੈ । ਚੰਗੇ ਕਰਮ–ਜਿਥੇ ਅੰਮ੍ਰਿਤ-ਧਾਰੀ, ਪੰਜ ਕਕਾਰ-ਧਾਰੀ, ਪੰਜਾਂ ਬਾਣੀਆਂ ਦਾ ਨਿਤਨੇਮੀ, ਤੇ ਚਾਰ ਬਜਰ ਕੁਰਹਿਤਾਂ ਦਾ ਤਿਆਗੀ ਬਣ ਕੇ ਜੀਵਨ ਬਿਤਾਉਣਾ ਤੇ ਪੰਥਕ ਕੰਮਾਂ ਅਥਵਾ ਅਨਾਥਾਂ, ਵਿਧਵਾਵਾਂ ਤੇ ਅਪਾਹਜਾਂ ਦੀ ਭਲਾਈ, ਵਿਦਿਆ ਪ੍ਰਚਾਰ ਤੇ ਸਮਾਜ ਸੁਧਾਰ, ਅਥਵਾ ਗੁਰਮਤਿ ਪ੍ਰਚਾਰ ਲਈ ਹੱਕ ਹਲਾਲ ਦੀ ਕਮਾਈ ਵਿਚੋਂ ਦਸਵੰਧ ਦੇਣ ਦਾ ਆਦੀ ਬਣਨਾ ਹੈ, ਉਥੇ ਮਾਂ ਬਾਪ ਦੀ ਤਨੋਂ ਮਨੋਂ ਸੇਵਾ ਕਰਨਾ ਹੈ ।

ਮਾਤਾ ਪਿਤਾ ਦੀ ਸੇਵਾ-ਸੰਭਾਲ, ਪਿਆਰ-ਸਤਿਕਾਰ ਬਾਰੇ ਸਾਰੇ ਧਰਮ-ਗ੍ਰੰਥ ਇਕੋ ਬੋਲੀ ਬੋਲਦੇ ਹਨ । ਦੁਨੀਆ ਭਰ ਦੇ ਸਾਰੇ ਧਰਮਾਂ ਦੇ ਮਹਾਂ ਪੁਰਖ, ਮਾਂ ਬਾਪ ਦੀ ਸੇਵਾ ਨੂੰ ਧਰਮ ਦਾ ਸ੍ਰੇਸ਼ਟ ਅੰਗ ਸਵੀਕਾਰ ਕਰਦੇ ਹਨ ।

---

## ਭਾ. ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ

ਤੱਤ ਗੁਰਮਤਿ ਦੇ ਪਰਚਾਰ ਲਈ ਸਕੂਲਾਂ ਕਾਲਜਾਂ ਦੇ ਬੱਚਿਆਂ ਬੱਚੀਆਂ ਲਈ ਜੋ ੧੦੦/–, ੮੦/– ਤੇ ੫੦/– ਮਹੀਨੇ ਦੇ ਵਜ਼ੀਫ਼ੇ ਦੇਣੇ ਨੀਯਤ ਕੀਤੇ ਗਏ ਹਨ ਉਨ੍ਹਾਂ ਲਈ ਦਰਖਾਸਤਾਂ ਤੇ ਫਾਰਮ ਭਰ ਕੇ ਭੇਜਣ ਦੀ ਆਖ਼ਰੀ ਤਰੀਕ ੩੧ ਜੁਲਾਈ ਹੈ । ਕਾਲਜਾਂ ਸਕੂਲਾਂ ਦੇ ਬੱਚੇ ਇਸ ਸਕੀਮ ਦੇ ਫ਼ਾਰਮ ਅਤੇ ਨਿਯਮ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਹੇਠ ਲਿਖੇ ਪਤੇ ਤੋਂ ਮੰਗਵਾਉਣ–

ਮ: ਹਰਬੰਸ ਸਿੰਘ ਜੀ, ਕੋ-ਔਪਟਿਡ ਮੈਂਬਰ, ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰ ਸਿਖ ਬੋਰਡ (ਅਖੰਡ ਕੀਰਤਨੀ ਜਥਾ) c/o ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿਲੀ–੬



www.AKJ.Org

# ਸਾਡੀ ਸ਼ਬਦਾਵਲੀ ਕਿਧਰ ਨੂੰ ?

[ਡਾ: ਗੁਰਬਖਸ਼ ਸਿੰਘ, 6/8 ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ]

ਖਾਲਸਾ ਪੰਥ ਨੂੰ ਜਿਥੇ ਉੱਚਾ ਸੁੱਚਾ ਅਨਮੋਲ ਸਿਧਾਂਤ ਅਤੇ ਲਾਸਾਨੀ ਕੁਰਬਾਨੀ ਤੇ ਸ਼ਹੀਦੀਆਂ ਭਰਿਆ ਸਿਖੀ ਜੀਵਨ ਦਾ ਵਿਰਸਾ ਪ੍ਰਾਪਤ ਹੋਇਆ ਹੈ, ਉਥੇ ਵਡਮੁਲੀ ਚੜ੍ਹਦੀ ਕਲਾ ਵਾਲੀ ਅਤੇ ਭਾਵ-ਪੂਰਤ ਸ਼ਬਦਾਵਲੀ ਭੀ ਗੁਰੂ ਸਾਹਿਬਾਨ ਨੇ ਇਸਨੂੰ ਬਖਸ਼ੀ ਹੈ। ਇਹ ਸ਼ਬਦਾਵਲੀ ਅਸੀਂ ਭੁਲਦੇ ਜਾ ਰਹੇ ਹਾਂ, ਕਿਉਂਕਿ ਇਸਦੀ ਵਰਤੋਂ ਘਟਦੀ ਜਾ ਰਹੀ ਹੈ। ਸ਼ਬਦਾਵਲੀ ਬਦਲਣ ਨਾਲ ਸਾਡਾ ਸਿਧਾਂਤ ਭੀ ਧੁੰਧਲਾ ਹੁੰਦਾ ਜਾ ਰਿਹਾ ਹੈ। ਪ੍ਰਚਾਰਕਾਂ, ਪ੍ਰਬੰਧਕਾਂ ਅਤੇ ਆਮ ਸਿਖ ਜਨਤਾ ਨੂੰ ਇਸ ਪਖੋਂ ਸੁਚੇਤ ਰਹਿਣਾ ਜ਼ਰੂਰੀ ਹੈ।

**੧. ਵੱਡੇ ਦਾਨੀ :–**

ਬੜੇ ਦੁਖ ਤੇ ਹੈਰਾਨੀ ਨਾਲ ਅੱਜ ਕਲ੍ਹ ਗੁਰਦਵਾਰਿਆਂ ਵਿਚ ਪ੍ਰਬੰਧਕਾਂ ਦੇ ਮੂੰਹੋਂ ਕੁਝ ਅਜਿਹਾ ਸੁਣਿਆ ਜਾਂਦਾ ਹੈ, "ਇਥੋਂ ਦੇ ਮਸ਼ਹੂਰ **ਵੱਡੇ ਦਾਨੀ** ........ਸਿੰਘ ਨੇ ੫੦੦੦/–ਰੁਪਏ ਗੁਰਦਵਾਰੇ ਲਈ **ਦਾਨ** ਦਿਤੇ ਹਨ। ਜਦੋਂ ਭੀ ਪ੍ਰਬੰਧਕਾਂ ਨੇ ਇਹਨਾਂ ਦੀ ਸੇਵਾ ਵਿਚ **ਹਾਜ਼ਰ** ਹੋ ਕੇ ਬੇਨਤੀ ਕੀਤੀ, ਇਹ ਮੂੰਹ-ਮੰਗਿਆ ਦਾਨ **ਬਖਸ਼ਦੇ** ਰਹੇ ਹਨ।" ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ (੨੮੨)

ਦਾਨੀ ਤਾਂ ਕੇਵਲ ਪ੍ਰਮਾਤਮਾ ਹੈ, ਜੋ ਸਭਨਾਂ ਨੂੰ ਦਾਨ ਦਿੰਦਾ ਹੈ। ਗੁਰੂ ਘਰ ਲਈ ਸਿਖ ਤਾਂ ਪਿਆਰ ਤੇ ਸਤਿਕਾਰ ਵਜੋਂ ਮਾਇਆ, ਅੰਨ, ਕਪੜੇ ਆਦਿ **ਭੇਟਾ** ਦਿੰਦੇ ਹਨ, **ਦਾਨ** ਨਹੀਂ ਕਰਦੇ। ਦਾਨ ਤਾਂ ਗੁਰੂ ਪਾਸੋਂ ਓਹ ਮੰਗਦੇ ਹਨ। ਕਿਸੇ ਮਾਇਆ-ਧਾਰੀ ਵਲੋਂ ਗਰੀਬਾਂ ਤੇ ਤਰਸ ਕਰ ਕੇ ਦਿੱਤਾ ਹੋਇਆ ਧਨ ਜਾਂ ਵਸਤੂ **ਦਾਨ** ਕਹਾਉਂਦਾ ਹੈ। **ਗੁਰੂ ਕਿਸੇ ਤੋਂ ਦਾਨ ਲੈਂਦਾ ਨਹੀਂ, ਸਗੋਂ ਦਾਨ ਦਿੰਦਾ ਹੈ। ਸਿੰਘ ਗੁਰੂ ਅਗੇ ਹਾਜ਼ਰ ਹੁੰਦੇ ਹਨ, ਕਿਸੇ ਦਾਨੀ ਮਨੁਖ ਅਗੇ ਨਾ ਹੀ** ਅਤੇ ਨਹੀਂ ਉਸ ਤੋਂ ਕੋਈ ਬਖਸ਼ਸ਼ ਮੰਗਦੇ ਹਨ।

**੨. ਸੰਤ ਜੀ :–**

ਸਿੰਘ ਦਾ ਨਾਮ ਲੈਣ ਲਈ **ਭਾਈ, ਸਰਦਾਰ, ਜਥੇਦਾਰ** ਸ਼ਬਦ ਹੀ ਵਰਤਣੇ ਚਾਹੀਦੇ ਹਨ। ਵੱਡੇ ਤੋਂ ਵੱਡੇ ਗੁਰਸਿਖ ਲਈ ਇਹੋ ਸ਼ਬਦ ਵਰਤੇ ਜਾਂਦੇ ਰਹੇ ਹਨ। ਭਾਈ ਮਰਦਾਨਾ ਜੀ, ਭਾਈ ਗੁਰਦਾਸ ਜੀ। ਸਰਦਾਰ ਜੱਸਾ ਸਿੰਘ, ਜਥੇਦਾਰ ਬਘੇਲ ਸਿੰਘ ਆਦਿ। ਸਿਆਣੀ ਵੀਚਾਰ ਜਾਂ ਵਡੇਰੀ ਉਮਰ ਵਾਲੇ ਸਿੰਘ ਲਈ **ਬਾਬਾ ਜੀ** ਦਾ ਪਦ ਭੀ ਵਰਤਿਆ ਜਾਂਦਾ ਸੀ–ਬਾਬਾ ਬੁਢਾ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ।

ਕੁਝ ਚਿਰ ਪਿਛੋਂ ਸਿੰਘ ਨੂੰ "ਗਿਆਨੀ" ਕਹਿ ਕੇ ਭੀ ਸਤਿਕਾਰਿਆ ਜਾਣ ਲੱਗ ਗਿਆ। ਜਿਸ ਲਈ ਪਹਿਲਾਂ ਭਾਈ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਸੀ। ਜਿਵੇਂ **ਭਾਈ** ਸੰਤੋਖ ਸਿੰਘ ਜੀ ਤੇ **ਗਿਆਨੀ** ਗਿਆਨ ਸਿੰਘ ਜੀ। ਗਿਆਨੀ ਸ਼ਬਦ ਗੁਰੂ ਸਾਹਿਬਾਨ ਵੇਲੇ ਪ੍ਰਚਲਤ ਸੀ। ਪਰ ਸਿਖ ਲਈ ਇਹ ਸ਼ਬਦ ਘਟ ਹੀ ਵਰਤਿਆ ਜਾਂਦਾ ਸੀ।

ਹੁਣ "ਸੰਤ" ਪਦਵੀ ਦੀ ਵਰਤੋਂ ਸਾਰੇ ਓਹ ਲੋਕ ਆਪਣੇ ਆਪ ਲਈ ਕਰਨ ਤੇ ਕਰਵਾਉਣ ਲੱਗ ਗਏ ਹਨ ਜੋ ਵਾਜੇ ਤੇ ਸਿਧੀ ਧਾਰਨਾ ਲਾ ਕੇ ਸ਼ਬਦ ਪੜ੍ਹ ਸਕਦੇ ਹੋਣ ਤੇ ਪੁਰਾਣਕ ਕਹਾਣੀਆਂ ਸ਼ਬਦਾਂ ਦੀ ਵਿਆਖਿਆ ਕਰਨ ਲਈ ਵਰਤਦੇ ਹੋਣ। ਇਹ "ਸੰਤ" ਆਪਣੇ ਆਪ ਨੂੰ ਗੁਰੂ ਤੋਂ ਦੂਜੇ ਨੰਬਰ ਤੇ ਹੀ ਸਮਝਦੇ ਹਨ। ਕੁਝ ਚੇਲੇ ਤਾਂ ਆਪਣੇ "ਸੰਤ" ਨੂੰ ਗੁਰੂ ਦੀ ਥਾਂ ਦਾਤਾਂ ਦੇਣ ਵਾਲੇ ਭੀ ਸਮਝਦੇ ਹਨ। ਕਈ ਸੰਤਾਂ ਨੇ ਤਾਂ ਅੰਮ੍ਰਿਤ ਹੀ ਨਹੀਂ ਛਕਿਆ ਹੁੰਦਾ। ਕਈ "ਸੰਤ" ਆਪਣੀ ਉਚਤਾ ਦਸਣ ਲਈ ਆਪਣੇ ਨਾਮ ਨਾਲ ੧੦੮, ੧੧੧ ਜਾਂ ੧੦੧ ਅੰਕਾਂ ਦੀ ਵਰਤੋਂ ਕਰਦੇ ਹਨ। ਚਾਹੇ ਉਹਨਾਂ ਨੂੰ ਆਪ ਨੂੰ ਇਹਨਾਂ ਅੰਕਾਂ ਦੀ ਮਹੱਤਤਾ ਦਾ ਪਤਾ ਨਹੀਂ ਹੁੰਦਾ। ਇਹਨਾਂ ਅੰਕਾਂ ਦਾ ਸਿਖਾਂ ਨਾਲ ਕੋਈ ਸੰਬੰਧ ਨਹੀਂ, ਅਤੇ ਨਾ ਹੀ ਕਿਸੇ ਸਿਖ ਜਾਂ ਮਹਾਂ ਪੁਰਖ ਦੇ ਨਾਉਂ ਨਾਲ ਇਹ ਵਰਤੇ ਗਏ ਹਨ। ਡੇਰਿਆਂ ਵਿਚ ਪੜ੍ਹਨ ਵਾਲਿਆਂ "ਸੰਤਾਂ" ਨੇ



www.AKJ.Org

ਹੁਣੇ ਹੀ ਇਹਨਾਂ ਨੂੰ ਵਰਤਣਾ ਸ਼ੁਰੂ ਕੀਤਾ ਹੈ ।

ਸੰਤ ਪਦ ਦੀ ਦੁਰ-ਵਰਤੋਂ "ਸਾਧ" ਪਦ ਵਾਂਗ ਬਣ ਗਈ ਹੈ। ਨੇਕ ਸੁਭਾ ਸਾਧੂ-ਵਿਰਤੀ ਵਾਲੇ ਨੂੰ ਸਤਿਕਾਰ ਨਾਲ "ਸਾਧ ਬਾਬਾ ਜੀ" ਕਿਹਾ ਜਾਂਦਾ ਸੀ। ਅਜ ਦੇ ਅਰਥਾਂ ਵਿਚ "ਸਾਧ" ਉਸ ਨੂੰ ਕਿਹਾ ਜਾਂਦਾ ਹੈ ਜੋ "ਪਖੰਡੀ ਭੇਖ ਬਣਾ ਕੇ ਲੋਕਾਂ ਨੂੰ ਧਰਮ ਦੇ ਨਾਮ ਤੇ ਲੁਟਦਾ ਹੋਵੇ"। ਸੰਤ ਦੇ ਅਰਥ ਭੀ ਅੱਜ ਕਲ੍ਹ ਇਸੇ ਤਰੀਕੇ ਨਾਲ ਵਿਗੜਦੇ ਜਾ ਰਹੇ ਹਨ। ਤਾਂ ਹੀ ਮਾਈਆ ਕਹਿੰਦੀਆਂ ਸੁਣੀਦੀਆਂ ਹਨ :

"ਕੀਹਦੇ ਕੀਹਦੇ ਪੈਰੀਂ ਹੱਥ ਲਾਵਾਂ, ਸੰਤਾਂ ਦੇ ਵੱਗ ਫਿਰਦੇ।"

ਹਾਲਾਂ ਕਿ ਸੰਤ ਪਦ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸਤਿਗੁਰੂ ਜਾਂ ਸਾਧ ਸੰਗਤ ਲਈ ਵਰਤਿਆ ਗਿਆ ਹੈ! ਜੇਕਰ ਇਹ ਕੁਵਰਤੋਂ ਨਾ ਰੋਕੀ ਗਈ ਤਾਂ "ਸੰਤ" ਪਦ ਦੇ ਜੋ ਅਰਥ "ਅਨਪੜ੍ਹ, ਵੇਹਲਾ ਰੋਟੀਆਂ ਖਾਣ ਵਾਲਾ" ਹੁਣ ਬਣਦੇ ਜਾ ਰਹੇ ਹਨ, ਪੱਕੇ ਹੋ ਜਾਣਗੇ।

"ਸੰਤ" ਪਦ ਦੀ ਵਰਤੋਂ ਬਹੁਤ ਸੰਕੋਚ ਨਾਲ ਹੋਣੀ ਚਾਹੀਦੀ ਹੈ, ਜਿਵੇਂ ਕਿ ਪਹਿਲਾਂ ਸੀ। ਸਾਰੇ ਪੰਥ ਵਿਚ ਦੋ ਚਾਰ ਸੰਤ ਪਦਵੀ ਵਾਲੇ ਸਚਮੁਚ ਤਪੱਸਵੀ ਗੁਣੀ ਗਿਆਨੀ ਹੁੰਦੇ ਸਨ। ਅੱਜ ਤਾਂ ਹਰ ਜ਼ਿਲੇ ਵਿਚ ਕਈ ਕਈ ਡੇਰੇ ਤੇ ਹਰ ਡੇਰੇ ਵਿਚ ਕਈ ਕਈ ਸੰਤ ਬਣੇ ਬੈਠੇ ਹਨ। ਹਰ ਗੁਰਦਵਾਰੇ ਵਿਚ ਇਕ ਦੋ ਮੱਲੋ ਮੱਲੀ ਬਣੇ ਸੰਤ (ਜਿਨ੍ਹਾਂ ਨੂੰ ਲੋਕ ਅਨਪੜ੍ਹ, ਵੇਹਲੜ ਪ੍ਰਸ਼ਾਦੇ ਛਕਣ ਵਾਲੇ ਕਹਿੰਦੇ ਹਨ) ਜ਼ਰੂਰ ਮਿਲ ਜਾਂਦੇ ਹਨ।

**੩. ਗੁਰਦੁਆਰਾ ਸਾਹਿਬ :–**

ਇਹ ਦਵਾਰਾ ਗੁਰੂ ਵਾਹਿਗੁਰੂ ਦਾ ਹੈ, ਇਸ ਲਈ ਸਾਰੀ ਮਨੁਖਤਾ ਲਈ ਸਾਂਝਾ ਹੈ। ਕੋਈ ਗੁਰਦਵਾਰਾ ਰਾਮਗੜ੍ਹੀਆਂ, ਰਵਿਦਾਸੀਆਂ, ਜੱਟਾਂ ਜਾਂ ਹਿੰਦੂ ਮੁਸਲਮਾਨਾਂ ਲਈ ਰਾਖਵਾਂ ਨਹੀਂ ਹੋ ਸਕਦਾ। ਇਸ ਲਈ ਗੁਰਦਵਾਰੇ ਦੇ ਨਾਲ ਨਾਲ ਰਾਮਗੜ੍ਹੀਆ, ਰਵਿਦਾਸੀਆ ਸ਼ਬਦਾਂ ਦੀ ਵਰਤੋਂ ਪੰਥ ਵਲੋਂ ਹੁਕਮਨ ਬੰਦ ਹੋਣੀ ਚਾਹੀਦੀ ਹੈ, ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੀ ਪਹਿਲੀ ਸਿਖਸ਼ਾ "ਨਾ ਕੋਈ ਹਿੰਦੂ ਨ ਮੁਲਮਾਨ" ਦੇ ਉਲਟ ਹੈ। ਕਿਸੇ ਖਾਸ ਜਾਤ ਦੇ ਸਿੱਖਾਂ ਨੂੰ ਰਾਮਗੜ੍ਹੀਏ ਜਾਂ ਰਵਿਦਾਸੀਏ ਨਹੀਂ ਕਿਹਾ ਜਾ ਸਕਦਾ।

ਸ: ਜੱਸਾ ਸਿੰਘ ਨਾਮ ਦੇ ਦੋ ਵਿਅਕਤੀ ਪ੍ਰਸਿਧ ਹੋਏ ਹਨ। ਇਕ ਆਹਲੋਵਾਲ ਦੇ ਸਨ, ਜਿਨ੍ਹਾਂ ਨੂੰ ਆਹਲੂਵਾਲੀਆ ਕਹਿਆ ਜਾਂਦਾ ਹੈ। ਦੂਜੇ ਵਿਅਕਤੀ ਨੂੰ ਮੁਸਲਮਾਨ ਹਾਕਮ ਦਾ ਸਾਥ ਛੱਡ, ਘਿਰੇ ਹੋਏ ਸਿੰਘਾਂ ਨਾਲ ਰਲ ਕੇ ਰਾਮ ਰਾਉਣੀ (ਰਾਮਗੜ੍ਹ) ਦੇ ਕਿਲ੍ਹੇ ਨੂੰ ਬਚਾਉਣ ਕਰਕੇ "ਰਾਮਗੜ੍ਹੀਆ" ਕਿਹਾ ਜਾਂਦਾ ਹੈ। ਓਹ ਇਛੋਗਿਲ ਦੇ ਮਿਸਤਰੀ ਸਿੰਘ ਸਨ। ਰਾਮਗੜ੍ਹੀਆ ਕੋਈ ਜਾਤ ਨਹੀਂ ਹੈ। ਇਸੇ ਤਰ੍ਹਾਂ "ਰਵਿਦਾਸੀਆ" ਕੋਈ ਜਾਤ ਨਹੀਂ। ਭਗਤ ਰਵਿਦਾਸ ਜੀ ਚਮਿਆਰ ਸਨ ਤੇ ਸਾਰੇ ਚਮਿਆਰ ਆਪਣੇ ਆਪ ਨੂੰ ਰਵਿਦਾਸੀਆ ਕਹਿਣ ਲੱਗ ਪਏ ਹਨ। ਅੰਮ੍ਰਿਤ ਛੱਕ ਕੇ ਸਿੰਘ ਸਜਣ ਪਿਛੋਂ ਕਿਸੇ ਦੀ ਕੋਈ ਪਹਿਲੀ ਜਾਤ (ਰਵਿਦਾਸੀਆ ਜਾਂ ਰਾਮਗੜ੍ਹੀਆ) ਨਹੀਂ ਰਹਿੰਦੀ। ਪੰਥ ਵਿਚ ਇਹ ਬਹੁਤ ਵੱਡੀ ਕਮਜ਼ੋਰੀ ਆ ਰਹੀ ਹੈ। ਇਸਦਾ ਰੋਕਣਾ ਬਹੁਤ ਜ਼ਰੂਰੀ ਹੈ। ਸਿੰਘ ਦੇ ਨਾਮ ਨਾਲ ਉਸਦੀ ਜਾਤ ਗਿਲ, ਸੰਧੂ, ਚਾਵਲਾ, ਬੇਦੀ, ਸੋਢੀ ਨਹੀਂ ਲਿਖੀ ਜਾਣੀ ਚਾਹੀਦੀ ਅਤੇ ਨਾ ਹੀ ਮੰਨੀ ਜਾਣੀ ਚਾਹੀਦੀ ਹੈ।

**੪. ਨਗਰ ਕੀਰਤਨ** ਨੂੰ ਜਲੂਸ ਕਹਿ ਕੇ ਉਸਦੀ ਮਹੱਤਤਾ ਘੱਟਦੀ ਹੈ ਤੇ ਭਾਵਨਾ ਬਦਲ ਜਾਂਦੀ ਹੈ। ਪਿੰਡ (ਨਗਰ) ਵਿਚ ਸ਼ਬਦ ਪੜ੍ਹਦੇ ਜਾਣਾ ਨਗਰ-ਕੀਰਤਨ ਕਹਾਉਂਦਾ ਸੀ। ਜੇਕਰ ਨਗਰ ਕੀਰਤਨ ਨੂੰ ਅਸੀਂ ਜਲੂਸ ਕਹਿਣਾ ਸ਼ੁਰੂ ਕਰ ਦਿੱਤਾ ਤਾਂ ਸਚਮੁਚ ਇਹ ਜਲੂਸ ਬਣ ਕੇ ਹੀ ਰਹਿ ਜਾਵੇਗਾ।

ਸਿੰਘ ਦੇ ਸਵਾਸ ਪੂਰੇ ਹੋਣ ਤੇ ਓਹ 'ਮਰਦਾ' ਨਹੀਂ, **ਚੜ੍ਹਾਈ** ਕਰ ਜਾਂਦਾ ਹੈ। ਅਖੰਡ ਪਾਠ ਜਾਂ ਸਾਧਾਰਨ ਪਾਠ "ਰੱਖਿਆ" ਜਾਂ "ਖੋਲ੍ਹਿਆ" ਨਹੀਂ ਜਾਂਦਾ, **ਪ੍ਰਾਰੰਭ** ਕੀਤਾ ਜਾਂਦਾ ਹੈ।

ਸਿਰੋਪਾ ਕਿਸੇ ਬਾਹਰੋਂ ਆਏ ਯਾਤਰੂ ਨੂੰ ਜਾਂ ਕਿਸੇ ਸਿਖ ਦੀ ਸੇਵਾ ਨੂੰ ਮੁਖ ਰੱਖ ਕੇ **ਭੇਟਾ ਨਹੀਂ** ਕੀਤਾ ਜਾਂਦਾ, **ਬਖਸ਼ਿਆ ਜਾਂਦਾ ਹੈ।**



www.AKJ.Org

# ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ

(ਗਿ: ਗੋਪਾਲ ਸਿੰਘ ਜੀ ਮਿਤਰ, ਮਾਲਬ, ਗੁੜਗਾਉਂ)

ਦੇਸ਼ ਪੰਜਾਬ ਦੇ ਵਸਨੀਕਾਂ ਨੂੰ ਪਠਾਣਾਂ, ਲੋਧੀਆਂ, ਮੁਗਲਾਂ ਦੇ ਜ਼ੁਲਮਾਂ ਤੋਂ ਛੁਟਕਾਰਾ ਦਿਵਾਉਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਾਜਨਾ ਕੀਤੀ। ਖ਼ਾਲਸੇ ਨੇ ਗਜ਼ਨਵੀਆਂ, ਨਾਦਰਾਂ ਤੇ ਅਬਦਾਲੀ ਜਿਹੇ ਲੁਟੇਰਿਆਂ ਦੀ ਉਹ ਗਤ ਬਣਾਈ ਕਿ ਉਹ ਮੁੜ ਦੱਰਾ ਖ਼ੈਬਰ ਤੋਂ ਟਪ ਕੇ ਭਾਰਤ ਉਤੇ ਹਮਲੇ ਕਰਨ ਯੋਗੇ ਨ ਰਹੇ।

ਇੰਜ ਸਦਾ ਚੜ੍ਹਦੀ ਕਲਾ ਵਿਚ ਰਹਿਣ ਵਾਲੀ ਖ਼ਾਲਸਾ ਕੌਮ ਵਿਚੋਂ ਹੀ ਗੁਜਰਾਂਵਾਲੇ ਦਾ ਜੰਮ ਪਲ ਸ: ਮਹਾਂ ਸਿੰਘ ਸ਼ੁਕੱਰਚੱਕੀਏ ਦਾ ਪੁਤਰ ਮਹਾਰਾਜਾ ਰਣਜੀਤ ਸਿੰਘ ਹੋਇਆ ਹੈ, ਜਿਸਨੇ ਚਾਲੀ ਸਾਲ ਪੰਜਾਬ ਤੇ ਰਾਜ ਕਰ ਕੇ ਆਪਣੇ ਨਾਮ ਦਾ ਉਹ ਸਿਕਾ ਬਿਠਾਇਆ ਕਿ ਸੰਸਾਰ ਦੇ ਸਾਰੇ ਮੁਲਕਾਂ ਦੇ ਬਾਦਸ਼ਾਹ ਉਸ ਦੀ ਮਿੱਤਰ-ਤਾਈ ਲੋਚਦੇ ਸਨ। ਉਹ ਵਡਾ ਦਇਆਵਾਨ, ਰੱਜ ਕੇ ਸਖੀ, ਬਹਾਦਰ ਜਰਨੈਲ, ਸਫਲ ਪ੍ਰਬੰਧਕ, ਸਿਆਣਾ ਨੀਤੀਵੇਤਾ ਤੇ ਚੰਗਾ ਸਿਆਸਤਦਾਨ ਸੀ। ਪਿਸ਼ਾਵਰ ਤਕ ਕੇਸਰੀ ਝੰਡੇ ਝੁਲਾ ਕੇ ਜਿਵੇਂ ਉਸ ਨੇ ਖ਼ਾਲਸੇ ਦਾ ਨਾਮ ਰੋਸ਼ਨ ਕੀਤਾ, ਭਾਰਤ ਦੇ ਇਤਿਹਾਸ ਵਿਚ ਮਿਸਾਲ ਨਹੀਂ ਮਿਲਦੀ। 'ਸ਼ਾਹ ਮੁਹੰਮਦ' ਨੇ ਠੀਕ ਆਖਿਆ ਹੈ–

ਮਹਾਂ ਬਲੀ ਰਣਜੀਤ ਸਿੰਘ ਹੋਇਆ ਪੈਦਾ,
ਨਾਲ ਜ਼ੋਰ ਦੇ ਮੁਲਕ ਨਿਵਾਇ ਗਿਆ।
(ਜੰਗਨਾਮਾ ਮ: ਰਣਜੀਤ ਸਿੰਘ)

ਪਰ ਉਸ ਦੀ ਮੌਤ ਤੋਂ ਬਾਅਦ ਨਿਮਕ-ਹਰਾਮ਼ ਅਹਿਲਕਾਰਾਂ ਨੇ ਜਿਵੇਂ 'ਖ਼ਾਲਸਾ ਰਾਜ' ਦੀ ਤਬਾਹੀ ਤੇ ਬਰਬਾਦੀ ਕੀਤੀ ਤੇ ਮਹਾਰਾਜੇ ਦੀ ਵੰਸ ਦਾ ਨਿਸ਼ਾਨ ਤਕ ਨਾ ਰਹਿਣ ਦਿਤਾ, ਸਿੱਖ ਇਤਿਹਾਸ ਵਿਚ ਇਹ ਸਮਾਚਾਰ ਲਹੂ-ਰੰਗੇ ਅਖਰਾਂ ਨਾਲ ਅੰਕਤ ਹਨ। ਧਿਆਨ ਸਿੰਘ, ਗੁਲਾਬ ਸਿੰਘ, ਤੇਜ ਸਿੰਘ ਤੇ ਲਾਲ ਸਿੰਘ ਆਦਿ ਦੇਸ਼-ਗੱਦਾਰਾਂ ਨੇ ਕੂਟਲਨੀਤ ਅੰਗਰੇਜ਼ਾਂ ਨਾਲ ਅੰਦਰੋਂ ਅੰਦਰ ਗੰਢ-ਤੁਪ ਕਰ ਕੇ ਰਾਜ ਦੀਆਂ 'ਜੜ੍ਹਾਂ' ਤੇ ਕੁਹਾੜਾ ਚਲਾਇਆ। ਤੇ ਰਾਜ ਨੂੰ ਕਾਇਮ ਰਖਣ ਲਈ ਰਾਜਾ ਚਤਰ ਸਿੰਘ, ਸ਼ੇਰ ਸਿੰਘ, ਦੀਵਾਨ ਮੂਲ ਰਾਜ, ਸਰਦਾਰ ਜੋਧ ਸਿੰਘ, ਜਵਾਹਰ ਸਿੰਘ, ਸਰਦਾਰ ਸ਼ਾਮ ਸਿੰਘ ਅਟਾਰੀ ਆਦਿ ਨੇ ਕੁਰਬਾਨੀਆਂ ਦਿਤੀਆਂ।

## ਰਣਜੀਤ ਪਿਆਰਾ

ਉਹ ਸੋਹਣਾ ਸ਼ੇਰ ਪੰਜਾਬ ਦਾ 'ਰਣਜੀਤ' ਪਿਆਰਾ।
ਭਾਰਤ ਦੇ ਅੰਦਰ ਹੋਇਆ ਪਰਤਾਪੀ ਭਾਰਾ।
ਉਹ ਸ਼ੁਕਰ-ਚੱਕੀਏ 'ਮਹਾਂ ਸਿੰਘ' ਦੀ ਅਖ ਦਾ ਤਾਰਾ।
ਉਹ 'ਚੜ੍ਹਤ ਸਿੰਘ' ਦਾ ਪੋਤਰਾ ਵਰਿਆਮ ਕਰਾਰਾ।
ਨਾਂ ਸੁਣ ਕੇ ਜਿਸ ਦਾ ਯਰਕਦਾ ਮੁਸਲੱਕਾ ਸਾਰਾ।
ਆਮਦ ਸੁਣ ਜਿਸ ਦੀ ਕੰਬਦਾ ਕਾਬਲ ਕੰਧਾਰਾ।

ਉਸ ਜੇਹਾ ਉਹ ਹੀ ਹੋਇਆ ਵਰਿਆਮ ਅਜੋੜਾ।
ਉਹਦੇ ਗਲ ਵਿਚ ਕੈਂਠਾ ਸੱਜਦਾ, ਸਿਰ ਕਲਗੀ ਤੋੜਾ।
ਵਾਹ ਪੈਲਾਂ ਪਾਂਦਾ ਨਿਕਲਦਾ ਉਹਦਾ 'ਲੈਲੀ' ਘੋੜਾ।
ਜਿਹਦੇ ਅੰਦਰ ਫਨੀਅਰ ਨਾਗ ਤੋਂ ਕਣ ਨਹੀਂ ਸੀ ਥੋੜਾ।
ਉਸ ਵਗਦੇ ਹੋਏ ਸਾਗਰਾਂ ਨੂੰ ਪਾਇਆ ਮੋੜਾ।
ਪਰਬਤ ਵੀ ਪੈਰੀਂ ਆ ਪਏ ਖਾ ਇਕ ਮਰੋੜਾ।

ਉਸ ਵਰਗਾ ਵਿਰਲਾ ਹੋਵਸੀ ਜਗ ਤੇ ਮਹਾਂ ਦਾਨੀ।
ਉਹ ਸਾਰੀ ਹੀ ਮਖ਼ਲੂਕ ਦਾ ਹੈਸੀ ਦਿਲ-ਜਾਨੀ।
ਤੁਸੀਂ ਸ਼ਾਇਰ 'ਸ਼ਾਹ ਮੁਹੰਮਦ' ਦੀ ਸੁਣ ਲਉ ਜ਼ਬਾਨੀ।
ਜਸ ਉਸਤਤ ਕਰਦੀ ਥਕ ਗਈ ਸੀ ਜਿਸ ਦੀ ਕਾਨੀ।
ਉਸ ਦਰਦੀ ਕਦੀ ਨਾ ਕਿਸੇ ਨੂੰ ਤੱਕੀ ਅਖ ਕਾਣੀ।
ਅਜ ਅਰਸ਼ ਫਰਸ਼ ਤੇ ਗੂੰਜਦੀ ਉਹਦੀ ਅਮਰ ਕਹਾਣੀ।

ਉਹ ਜਿਸ ਪਾਸੇ ਵੀ ਚੜ੍ਹ ਪਿਆ ਜਦ ਕਰਕੇ ਧਾਈ।
ਉਹਨੂੰ ਅਗੋਂ ਆ ਕੇ ਫਤਹ ਨੇ ਸੀ ਫ਼ਤਹ ਬੁਲਾਈ।
ਉਹਦੇ ਦਲ ਦੀ ਚੜ੍ਹਤਲ ਵੇਖ ਕੇ ਸ਼ਕਤੀ ਘਬਰਾਈ।
ਉਹਦੇ ਬੀਰਾਂ ਨੂੰ ਤਕ ਬੀਰਤਾ ਵੀ ਅੱਖ ਨਾ ਚਾਈ।
ਉਹਨੇ ਕੱਢੀ ਜਦੋਂ ਮਿਆਨ ਚੋਂ ਸ਼ਕਤੀ ਦੀ ਜਾਈ।
ਲਗ ਗਏ ਸਥਾਰ ਤਦ ਸਿਰਾਂ ਦੇ ਇਕ ਪਰਲੋ ਆਈ।



www.AKJ.Org

ਜਾ ਘੋੜੇ ਜਿਸ ਦੇ ਪੀਂਵਦੇ ਕਾਬਲ ਦਾ ਪਾਣੀ।
ਜਿਸ ਸਦਾ ਲਈ ਸਰ ਕਰ ਲਿਆ ਸੀ ਤੱਲ-ਪਠਾਣੀ।
ਸਨ ਸਦਾ ਲੰਘ ਕੇ ਆਂਵਦੇ ਜੋ 'ਖ਼ੈਬਰ' ਥਾਣੀ।
ਉਹ ਮੌਤ ਆਪਣੀ ਮਰ ਗਏ ਸਭ ਦਲ ਤੁਰਕਾਣੀ।
ਉਠ ਗਈ ਸਫ਼ਾ ਵਲ੍ਹੇਟ ਕੇ ਸਭ ਬਾਬਰ-ਵਾਣੀ।
ਸੁਖ ਵਰਤਿਆ ਸਾਰੇ, ਢਹਿ ਗਈ ਦੁੱਖਾਂ ਦੀ ਢਾਣੀ।

ਆਈਆਂ ਸੋਹਣੇ ਦੇਸ਼ ਬਾਗ਼ ਵਿਚ ਸਦਾ ਬਹਾਰਾਂ।
ਪਤਝੜ ਪਤਰਾ ਵਾਚਿਆ ਖਿੜੀਆਂ ਗੁਲਜ਼ਾਰਾਂ।
ਪਰ ਅਰਸ਼ੋਂ ਪਈਆਂ ਅਚੇਤ ਆ ਗੜਿਆਂ ਦੀਆਂ ਮਾਰਾਂ।
ਫ਼ਤਹ ਬੁਲਾ ਕੇ ਸਦਾ ਲਈ ਟੁਰੀਆਂ ਸਰਕਾਰਾਂ।
ਢਾਹੀਂ ਮਾਰ ਪੰਜਾਬ ਦੇ ਰੁੰਨੇ ਨਰ ਨਾਰਾਂ।
ਚੀਖਾਂ ਸੁਣ ਸੁਣ ਕੰਬ ਗਏ ਸਭ ਦਰ ਦੀਵਾਰਾਂ।

ਫੁੱਲਾਂ ਦੇ ਸੀਨੇ ਫਟ ਗਏ ਬਾਗਾਂ ਦਾ ਮਾਲੀ।
ਛਡ ਗਿਆ ਹੰਝੂ ਕੇਰਦੇ ਪੰਜਾਬ ਦਾ ਵਾਲੀ।
ਤਖ਼ਤੇ ਤੇ ਚੜ੍ਹ ਤਖ਼ਤ ਨੂੰ ਕਰ ਟੁਰਿਆ ਖ਼ਾਲੀ।
ਪਤਝੜ ਫੇਰਾ ਪਾਇਆ ਉੱਡੀ ਖੁਸ਼ਹਾਲੀ।
ਅਰਥੀ ਬੱਬਰ ਸ਼ੇਰ ਦੀ ਜਦ ਗਈ ਉਠਾਲੀ।
'ਮਿੱਤਰ' ਕਿਸਮਤ ਦੇਸ਼ ਦੀ ਸੜ ਹੋਈ ਕਾਲੀ।

---


## ਭੇਟਾ ਰਹਿਤ ਗੁਰਮਤਿ ਪੁਸਤਕਾਂ

Autobiography of Bhai Randhir Singh (English)

ਜੇਲ੍ਹ ਚਿੱਠੀਆਂ (ਭਾ: ਸਾ: ਰਣਧੀਰ ਸਿੰਘ ਜੀ)

ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤ ਪ੍ਰਸਤੀ ਹੈ ?

ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ

ਬਾਬਾ ਨੌਧ ਸਿੰਘ, ਸਿਖ ਸਿਦਕ ਨ ਹਾਰੇ ਅਤੇ ਹੋਰ ਕਈ ਗੁਰਮਤਿ ਦੀਆਂ ਪੁਸਤਕਾਂ ਗੁਰਮਤਿ ਲਈ ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ। ਡਾਕ ਰਾਹੀਂ ਮੰਗਾਣ ਲਈ ਡਾਕ ਖਰਚ ਤੇ ਵਾਪਸੀ ਲਿਫ਼ਾਫ਼ਾ ਭੇਜੋ। ਇਸ ਸੇਵਾ ਵਿਚ ਜੇ ਕੋਈ ਤਿਲ ਫੁਲ ਪਾਉਣਾ ਚਾਹਵੇ ਤਾਂ ਪਾ ਸਕਦਾ ਹੈ।

ਦਾਸਰਾ—ਮਦਨ ਸਿੰਘ 11--Apolloway, Perry Barr
Birmingham-20 (U.K.)


## ਰਾਗਮਾਲਾ ਬਾਰੇ ਪੁਛਾਂ

ਸਾਨੂੰ ਬਾਰ ਬਾਰ ਕਈ ਥਾਵਾਂ ਤੋਂ ਪੁਛਾਂ ਆਉਂਦੀਆਂ ਰਹਿੰਦੀਆਂ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ ਮੁੰਦਾਵਣੀ ਤੇ ਪਾਉਣਾ ਚਾਹੀਦਾ ਹੈ ਜਾਂ ਕਿ ਰਾਗਮਾਲਾ ਪੜ੍ਹ ਕੇ ?

ਇਸ ਬਾਰੇ ਜੋ ਪੰਥਕ ਫ਼ੈਸਲਾ ਸ਼ਰੋਮਣੀ ਗੁ: ਪ੍ਰ: ਕਮੇਟੀ ਨੇ "ਸਿੱਖ ਰਹਿਤ ਮਰਯਾਦਾ" ਵਿਚ ਦਿਤਾ ਹੈ, ਉਹ ਇੰਜ ਹੈ—

> "ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਜਾਂ ਰਾਗਮਾਲਾ ਪੜ੍ਹ ਕੇ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ।"

ਉਪਰੋਕਤ ਫ਼ੈਸਲੇ ਅਨੁਸਾਰ ਹੁਣ ਤਕ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੁੰਦਾਵਣੀ ਤੇ ਭੋਗ ਪਾਇਆ ਜਾਂਦਾ ਹੈ ਅਤੇ ਉਥੇ ਰਾਗਮਾਲਾ ਨਹੀਂ ਪੜ੍ਹੀ ਜਾਂਦੀ, ਪਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗਮਾਲਾ ਪੜ੍ਹ ਕੇ ਭੋਗ ਪਾਇਆ ਜਾਂਦਾ ਹੈ।

ਰਾਗਮਾਲਾ ਨਾ ਪੜ੍ਹਨ ਨਾਲ ਪਾਠ ਖੰਡਤ ਬਿਲਕੁਲ ਨਹੀਂ ਹੁੰਦਾ। ਜੇ ਖੰਡਤ ਹੁੰਦਾ ਹੋਵੇ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਮੁੰਦਾਵਣੀ ਤੇ ਭੋਗ ਨਾ ਪਾਇਆ ਜਾਵੇ।

ਅਖੰਡ ਕੀਰਤਨੀ ਜਥਾ ਅਤੇ ਹੋਰ ਭੀ ਕਈ ਸੰਸਥਾਵਾਂ ਰਾਗਮਾਲਾ ਨਹੀਂ ਪੜ੍ਹਦੇ, ਕਿਉਂਕਿ ਰਾਗਮਾਲਾ ਗੁਰਬਾਣੀ ਨਹੀਂ ਹੈ।

ਪੰਥ ਵਿਚ ਰਾਗਮਾਲਾ ਬਾਰੇ ਮਤ-ਭੇਦ ਹਨ, ਇਸ ਕਰਕੇ ਸਮੂਹ ਸਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਇਸ ਮਸਲੇ ਤੇ ਵਾਦ-ਵਿਵਾਦ ਵਿਚ ਨਹੀਂ ਪੈਣਾ ਚਾਹੀਦਾ ਅਤੇ ਗੁਰਬਾਣੀ ਦਾ ਸਹੀ ਅਰਥਾਂ ਵਿਚ ਅਨੰਦ ਲੈਣਾ ਚਾਹੀਦਾ ਹੈ।

ਸੂਰਾ ਜੁਲਾਈ ੧੯੬੮ ਵਿਚ ਪੰਚਮ ਦੇ ਪਾਸ ਕੀਤੇ ਗੁਰਮਤੇ ਛਪੇ ਸਨ, ਜਿਨ੍ਹਾਂ ਵਿਚੋਂ ਨੰਬਰ ੫ ਦਾ ਮਤਾ ਇਹ ਸੀ—

ਰਾਗਮਾਲਾ ਪਾਠ ਵਿਚ ਨਾ ਜਾਇਆ ਜਾਵੇ।
ਜੇ ਜਾਵੇ ਤਾਂ ਉਠ ਆਉਣਾ ਯੋਗ ਨਹੀਂ।



www.AKJ.Org

# ਗੁ:ਗੁਰੂ ਕੇ ਮਹਿਲ ਅੰਮ੍ਰਿਤਸਰ ਵਿਖੇ ਪਾਵਨ ਬੀੜ ਦਾ ਘੋਰ ਅਪਮਾਨ

**ਅਕਾਲੀ ਪੱਤ੍ਰਕਾ ੨੬ ਜੂਨ ੧੯੮੨ ਵਿਚ ਇਹ ਦੁਖਦਾਈ ਤੇ ਹਿਰਦੇਵੇਧਕ ਖਬਰ ਛਪੀ ਹੈ, ਜਿਸ ਨੂੰ ਪੜ੍ਹ ਸੁਣ ਕੇ ਸੰਗਤਾਂ ਤੜਫ ਉਠੀਆਂ ਹਨ। ਸਿੱਖ ਸੰਗਤਾਂ ਦੀ ਪੁਕਾਰ ਹੈ ਕਿ ਅਜਿਹੇ ਦੋਸ਼ੀ ਨੂੰ ਘਟੋ ਘਟ ਫਾਂਸੀ ਦੀ ਸਜ਼ਾ ਦਿਤੀ ਜਾਣੀ ਚਾਹੀਦੀ ਹੈ ਅਤੇ ਕਿਸੇ ਹਾਲਤ ਵਿਚ ਕੋਈ ਰਿਆਇਤ ਨਹੀਂ ਦਿਤੀ ਜਾਣੀ ਚਾਹੀਦੀ।**

ਅੰਮ੍ਰਿਤਸਰ ੨੫ ਜੂਨ (ਵਿਸ਼ੇਸ਼ ਪ੍ਰਤੀਨਿਧ)–ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜਨਮ ਅਸਥਾਨ ਗੁਰੂ ਕੇ ਮਹਿਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿਤਰ ਸਰੂਪ ਦਾ ਅਪਮਾਨ ਕਰਨ ਦੇ ਦੋਸ਼ ਵਿਚ ਇਕ ਵਿਅਕਤੀ (ਪਖੰਡੀ ਸਿੱਖ) ਅਵਤਾਰ ਸਿੰਘ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ।

ਵਾਕਿਆ ਇਸ ਤਰ੍ਹਾਂ ਹੈ ਕਿ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਅਖੰਡ ਪਾਠ ਹੋ ਰਿਹਾ ਸੀ ਤਾਂ ਇਹ ਵਿਅਕਤੀ ਉਥੇ ਪੁਜ ਗਿਆ। ਬਾਹਰ ਬੈਠ ਕੇ ਕੀਰਤਨ ਪਿਛੋਂ ਲਗਨ ਨਾਲ ਰਹਿਰਾਸ ਦਾ ਪਾਠ ਕੀਤਾ ਅਤੇ ਅਖੰਡ ਪਾਠ ਦੀ ਰੌਲ ਲਾਉਣ ਦੀ ਇਛਾ ਪ੍ਰਗਟ ਕੀਤੀ। ਪ੍ਰਬੰਧਕਾਂ ਨੇ ਰਾਤ ੧੨ ਵਜੇ ਤੋਂ ੨ ਵਜੇ ਤੱਕ ਰੌਲ ਲਾਉਣ ਲਈ ਉਸਨੂੰ ਆਗਿਆ ਦੇ ਦਿਤੀ।

ਉਸਨੇ ੧੨ ਵਜੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਸ਼ੁਰੂ ਕੀਤਾ ਅਤੇ ਸਵਾ ਇਕ ਵਜੇ ਦੇ ਕਰੀਬ ਤਖਤਪੋਸ਼ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਵਿਤਰ ਸਰੂਪ ਚੁਕ ਕੇ ਪਰੇ ਸੁਟ ਦਿਤਾ ਤੇ ਪੀਹੜਾ ਸਾਹਿਬ ਨੂੰ ਵੀ ਪਰੇ ਵਗਾਹ ਮਾਰਿਆ ਅਤੇ ਪਹਿਲਾਂ ਆਪ ਡਟ ਕੇ ਖਲੋ ਗਿਆ ਤੇ ਫਿਰ ਟਹਿਲਣ ਲਗ ਪਿਆ। ਜਿਹੜਾ ਵੀ ਵਿਅਕਤੀ ਉਸ ਨੂੰ ਪਕੜਨ ਦਾ ਯਤਨ ਕਰੇ ਉਸ ਨੂੰ ਅਗੋਂ ਮਾਰਨ ਪਵੇ। ਗੁਰਦੁਆਰੇ ਦੇ ਪ੍ਰਬੰਧਕਾਂ ਨੇ ਇਸ ਦੀ ਸੂਚਨਾ ਸ਼ਰੋਮਣੀ ਕਮੇਟੀ ਦੇ ਸਹਾਇਕ ਸਕੱਤਰ ਅਤੇ ਸ: ਗੁਰਚਰਨ ਸਿੰਘ ਟੌਹੜਾ ਦੇ ਪੀ. ਏ. ਸ: ਅਬਿਨਾਸ਼ੀ ਸਿੰਘ ਨੂੰ ਦਿਤੀ ਅਤੇ ਉਹਨਾਂ ਦੀ ਹਦਾਇਤ ਤੇ ਸ਼ਰੋਮਣੀ ਕਮੇਟੀ ਦੇ ਕੁਝ ਮੁਲਾਜ਼ਮ ਮੌਕੇ ਤੇ ਪਹੁੰਚ ਗਏ। ਜਿਨ੍ਹਾਂ ਪੁਲੀਸ ਦੀ ਮਦਦ ਨਾਲ ਉਸ ਨੂੰ ਡੇਢ ਵਜੇ ਦੇ ਕਰੀਬ ਕਾਬੂ ਕਰ ਲਿਆ। ਸ: ਅਬਿਨਾਸ਼ੀ ਸਿੰਘ ਵੀ ਮੌਕੇ ਤੇ ਪਹੁੰਚ ਗਏ। ਸੇਵਾਦਾਰਾਂ ਨੇ ਉਸ ਵਿਅਕਤੀ ਅਵਤਾਰ ਸਿੰਘ ਨੂੰ ਲਿਆ ਕੇ ਗੁਰੂ ਰਾਮਦਾਸ ਸਰਾਂਅ ਦੇ ਕਮਰਾ ਨੰ: ੧੯ ਵਿਚ ਬੰਦ ਕਰ ਦਿਤਾ। ਇਸ ਦੁਖਦਾਈ ਘਟਨਾ ਦੀ ਸੂਚਨਾ ਮਿਲਦਿਆਂ ਹੀ ਵਡੀ ਗਿਣਤੀ ਵਿਚ ਸਿੱਖ ਸੰਗਤਾਂ ਮੌਕੇ ਤੇ ਪਹੁੰਚ ਗਈਆਂ। ਸੰਤ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਦੇ ਸੇਵਕਾਂ ਅਤੇ ਸੇਵਾਦਾਰਾਂ ਵਲੋਂ ਕੀਤੀ ਗਈ ਪੁਛਗਿਛ ਦੌਰਾਨ ਉਸ ਨੇ ਕੇਵਲ ਇਹ ਹੀ ਆਖਿਆ ਕਿ ਉਸ ਦਾ ਨਾਂ ਅਵਤਾਰ ਸਿੰਘ ਅਤੇ ਉਸ ਦੇ ਪਿਤਾ ਦਾ ਨਾਂ ਧਰਮ ਸਿੰਘ ਹੈ। ਉਹ ਉਤਰ ਪ੍ਰਦੇਸ਼ ਦੇ ਜ਼ਿਲਾ ਪੀਲੀਭੀਤ ਦੀ ਤਹਿਸੀਲ ਪੂਰਨਪੁਰ ਦੇ ਪਿੰਡ ਮਾਧੋਟਾਂਗ ਡੇਰਾ ਧਰਮ ਸਿੰਘ ਦਾ ਰਹਿਣ ਵਾਲਾ ਹੈ। ਗੁਰੂ ਗਰੰਥ ਸਾਹਿਬ ਦੇ ਪਵਿਤਰ ਸਰੂਪ ਦਾ ਅਪਮਾਨ ਕਰਨ ਵਾਲੀ ਕਾਲੀ ਕਰਤੂਤ ਕਿਉਂ ਕੀਤੀ, ਇਸ ਪ੍ਰਸ਼ਨ ਦਾ ਉਸ ਨੇ ਕੋਈ ਉਤਰ ਨਾ ਦਿਤਾ।

ਸੰਤ ਭਿੰਡਰਾਂਵਾਲਿਆਂ ਦੇ ਸੇਵਕਾਂ ਨੇ ਹੋਰ ਪੁਛਗਿਛ ਲਈ ਉਸ ਦੀ ਮੰਗ ਕੀਤੀ, ਪਰ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ: ਕੁਲਵੰਤ ਸਿੰਘ ਨੇ ਉਨ੍ਹਾਂ ਦੀ ਬੇਨਤੀ ਨਾ ਮੰਨੀ। ਸੇਵਾਦਾਰਾਂ ਅਤੇ ਕੁਝ ਅਕਾਲੀ ਆਗੂਆਂ ਨੇ ਪੁਛਗਿਛ ਦੌਰਾਨ ਉਸ ਨੂੰ ਖ਼ੂਬ ਕੁਟਾਪਾ ਚਾੜ੍ਹਿਆ, ਪਰ ਉਸ ਨੇ 'ਸੀ' ਤਕ ਨਾ ਕੀਤੀ। ਉਸ ਦੇ ਕਬਜ਼ੇ ਵਿਚੋਂ ਇਕ ਡਾਇਰੀ ਅਤੇ ਕੁਝ ਗੰਦੀ ਭਾਸ਼ਾ ਵਾਲੇ ਪੱਤਰ ਵੀ ਮਿਲੇ ਹਨ। ਇਸ ਘਿਨੌਣੀ ਘਟਨਾ ਦੀ ਖਬਰ ਮਿਲਦਿਆਂ ਹੀ ਕਈ ਸੀਨੀਅਰ ਪੁਲਿਸ ਅਧਿਕਾਰੀ ਵੀ ਮੌਕੇ ਤੇ ਪਹੁੰਚ ਗਏ। ਅਜ ਸਵੇਰੇ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਨੇ ਅਵਤਾਰ ਸਿੰਘ ਨੂੰ ਪੁਲਿਸ ਦੇ ਹਵਾਲੇ ਕਰ ਦਿਤਾ ਹੈ। ਉਸ ਨੇ ਸਿਰ ਤੇ ਪਰਨਾ ਬੰਨ੍ਹਿਆ ਅਤੇ ਗਲ ਵਿਚ ਵੀ ਪਰਨਾ ਪਾਇਆ ਹੋਇਆ ਸੀ। ਸ਼ੱਕ ਕੀਤਾ ਜਾਂਦਾ ਹੈ ਕਿ ਉਸ ਨੂੰ ਕਿਸੇ ਸ਼ਰਾਰਤੀ ਜਾਂ ਨਰਕਧਾਰੀ ਨੇ ਗੁਰੂ ਗਰੰਥ ਸਾਹਿਬ ਦਾ ਅਪਮਾਨ ਕਰਨ ਲਈ ਭੇਜਿਆ ਹੈ।



www.AKJ.Org

# ਸਿੱਖ ਧਰਮ ਦੀ ਵਿਲੱਖਣਤਾ

(ਸ: ਓਅੰਕਾਰ ਬਖਸ਼ ਸਿੰਘ ਜੀ, ੫੦੦-ਮਾਡਲ ਟਾਊਨ, ਲੁਧਿਆਣਾ]

ਖੂਨ ਡੋਲ੍ਹ ਕੇ ਹੀ ਸਜਣੋ ! ਧਰਮ ਨੂੰ ਸ਼ਿੰਗਾਰ ਹੁੰਦਾ ਏ।
ਜਵਾਂ ਮਰਦਾਂ ਦਾ ਹਰ ਲਫਜ਼, ਢੰਗ ਅੰਗਿਆਰ ਹੁੰਦਾ ਏ।
ਚੜ੍ਹ ਕੇ ਚਰਖੜੀਆਂ ਉਤੇ ਵੀ, ਫਿਰ ਵੀ ਮੁਸਕਰਾਉਂਦੇ ਨੇ,
ਉਹ ਜਾਨਾਂ ਵਾਰ ਦਿੰਦੇ ਨੇ, ਜਿਨ੍ਹਾਂ ਨੂੰ ਧਰਮ ਨਾਲ ਪਿਆਰ ਹੁੰਦਾ ਏ।

ਸਿਖ ਧਰਮ ਦਾ ਨਾਮ ਸੁਣਦੇ ਹੀ ਸਾਡਾ ਸਿਰ ਫ਼ਖ਼ਰ ਨਾਲ ਉੱਚਾ ਹੋ ਜਾਂਦਾ ਹੈ, ਕਿਉਂਕਿ ਸਿਖ ਧਰਮ ਸਰਬੱਤ ਦਾ ਭਲਾ ਚਾਹੁਣ ਵਾਲਾ ਹੈ। ਜ਼ੁਲਮ ਦੇ ਵਿਰੁਧ ਲੜਨ੍ਹ ਵਾਲਾ ਇਕ ਆਪਣੀ ਹੀ ਕਿਸਮ ਦਾ ਧਰਮ ਹੈ। ਸਿਖ ਧਰਮ ਉਹ ਧਰਮ ਹੈ, ਜੋ ਮਨੁਖ ਮਾਤਰ ਨੂੰ ਇਸ ਦੁਨੀਆ ਵਿਚ ਰਹਿੰਦੇ ਹੋਏ, ਗ੍ਰਹਿਸਤ ਵਿਚ ਖੁਭੇ ਹੋਇਆਂ ਨੂੰ ਇਕ ਅਕਾਲ ਪੁਰਖ ਨਾਲ ਲਿਵ ਜੋੜਨ ਲਈ ਪ੍ਰੇਰਨਾ ਦਿੰਦਾ ਹੈ। ਸਿਖ ਧਰਮ ਮਨੁੱਖ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿਕ ਦੁਸ਼ਮਨਾਂ ਨੂੰ ਕਾਬੂ ਵਿਚ ਰੱਖਣ ਦੀ ਜਾਚ ਸਿਖਾਂਦਾ ਹੈ। ਸਿਖ ਧਰਮ ਨਾਮ ਜਪਣ ਤੇ ਵੰਡ ਕੇ ਛਕਣ ਦੇ ਅਸੂਲਾਂ ਤੇ ਚਲਾਉਂਦਾ ਹੈ। ਸਿਖ ਧਰਮ ਇਕ ਅਕਾਲ ਪੁਰਖ ਨੂੰ ਮੰਨਣ ਵਾਲਾ ਉਹ ਧਰਮ ਹੈ ਜਿਸ ਲਈ ਮੇਰੇ ਕਲਗੀਧਰ ਜੀ ਦਾ ਫੁਰਮਾਨ ਸਿਖ ਇਤਿਹਾਸ ਵਿਚੋਂ ਮਿਲਦਾ ਹੈ—

ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ ॥
ਅਤੇ—ਗੁਰੂ ਗ੍ਰੰਥ ਜੀ ਮਾਨਿਉ, ਪ੍ਰਗਟ ਗੁਰਾਂ ਕੀ ਦੇਹ ॥

ਅਤੇ—"ਏਕ ਪਿਤਾ ਏਕਸ ਕੇ ਹਮ ਬਾਰਿਕ" ਦੀ ਸਾਂਝੀਵਾਲਤਾ ਵਲ ਪ੍ਰੇਰਦਾ ਹੈ। ਸਿਖ ਧਰਮ ਅਜਿਹਾ ਧਰਮ ਹੈ ਜੋ ਸਾਰੀ ਮਨੁਖਤਾ ਦਾ ਸਾਂਝਾ ਧਰਮ ਹੈ। ਸਿਖ ਧਰਮ ਦੇ ਮਹਾਨ ਪਵਿੱਤਰ ਗ੍ਰੰਥ, ਸ੍ਰੀ ਗੁਰੂ ਗ੍ਰੰਥ ਸਾਹਿਬ, ਵਿਚ ਸਤਿਗੁਰਾਂ ਦੀ ਬਾਣੀ ਦੇ ਨਾਲ ਨਾਲ ਬਾਬਾ ਫਰੀਦ, ਭਗਤ ਕਬੀਰ, ਭਗਤ ਨਾਮਦੇਵ ਜੀ ਵਰਗੇ ਮਹਾਂ ਪੁਰਸ਼ਾਂ ਦੀ ਬਾਣੀ ਵੀ ਦਰਜ ਹੈ। ਸਿਖ ਧਰਮ ਸੱਚ, ਹੱਕ, ਇਨਸਾਫ਼ ਲਈ ਲੜ ਵੀ ਸਕਦਾ ਹੈ ਅਤੇ ਸ਼ਾਂਤਮਈ ਰਹਿ ਕੇ ਖੋਪਰੀਆਂ ਲੁਹਾ ਸਕਦਾ ਹੈ, ਚਰਖੜੀਆਂ ਤੇ ਚੜ੍ਹ ਸਕਦਾ ਹੈ, ਬੱਚਿਆਂ ਦੇ ਟੁਕੜੇ ਕਰਵਾ ਗਲਾਂ ਵਿਚ ਹਾਰ ਪਵਾ ਸਕਦਾ ਹੈ, ਅਤੇ ਤੱਤੀ ਤਵੀ ਤੇ ਬੈਠ ਕੇ ਇਹ ਕਹਿ ਸਕਦਾ ਹੈ—

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥੨॥੯੩॥ (੩੯੪)

ਜਾਂ ਫਿਰ ਸਰਹੰਦ ਦੀਆਂ ਦੀਵਾਰਾਂ ਵਿਚ ਚਿਣਿਆ ਜਾ ਸਕਦਾ ਹੈ। ਸ਼ਹੀਦ ਬੱਚਿਆਂ ਦੀ ਸ਼ਹੀਦੀ ਤੇ ਮੇਰੇ ਕਲਗੀਧਰ ਪਿਤਾ ਹੀ ਹੱਸ ਕੇ ਖਿੜੇ ਮਥੇ ਇਹ ਕਹਿ ਸਕਦੇ ਹਨ—

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ ॥ ਚਾਰ ਮੁਏ ਤੋ ਕਿਆ ਹੂਆ, ਜੀਵਤ ਕਈ ਹਜਾਰ ॥

ਸਿਖ ਧਰਮ ਉਹ ਧਰਮ ਹੈ ਜੋ ਆਪਣੇ ਲਈ ਨਹੀਂ, ਬਲਕਿ ਦੂਸਰਿਆਂ ਦੇ ਧਰਮ ਦੀ ਰਖਿਆ ਲਈ ਕੁਰਬਾਨ ਹੋ ਸਕਦਾ ਹੈ। ਸਿਖ ਧਰਮ ਨੂੰ ਮੰਨਣ ਵਾਲੇ ਇਹ ਜਾਣਦੇ ਹਨ ਕਿ ਸਿਖ ਧਰਮ ਇਕ ਵਿਗਿਆਨਕ ਧਰਮ ਹੈ, ਜੋ ਕੁਝ ਇਹ ਕਲ੍ਹ ਕਹਿੰਦਾ ਸੀ ਉਹੀ ਅੱਜ ਕਹਿੰਦਾ ਹੈ, ਤੇ ਉਹੀ ਆਉਂਦੇ ਕਲ੍ਹ ਨੂੰ ਕਹੇਗਾ।

ਸਿੱਖ ਮੂਰਤੀਆਂ ਤੇ ਪੱਥਰਾਂ ਦਾ ਪੁਜਾਰੀ ਨਹੀਂ, ਪੂਜਦਾ ਹੈ ਤਾਂ ਉਸ ਰੱਬੀ ਬਾਣੀ ਨੂੰ ਜੋ—

ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥੨॥੭੭॥ (੬੨੮)

ਸਿਖ ਧਰਮ ਉਹ ਧਰਮ ਹੈ, ਜਿਸ ਦੇ ਇਤਿਹਾਸ ਨੂੰ ਵਾਚ ਕੇ ਪੱਥਰ-ਚਿਤ ਵੀ ਮੋਮ ਹੋ ਜਾਂਦੇ ਹਨ। ਤੇ ਫਿਰ ਅੱਜ ਅਸੀਂ ਕਿਉਂ ਆਪਣੇ ਇਤਿਹਾਸ ਨੂੰ, ਆਪਣੇ ਧਰਮ ਨੂੰ ਭੁਲਦੇ ਜਾ ਰਹੇ ਹਾਂ ? ਆਉ, ਸੂਝ ਬੂਝ ਤੋਂ ਕੰਮ ਲਈਏ ਅਤੇ ਸੋਚੀਏ। ਆਪਣੇ ਅੰਦਰ ਆਈਆਂ ਤਰੁੱਟੀਆਂ ਦਾ ਕਾਰਨ ਲਭੀਏ। ਆਪਣੇ ਧਰਮ ਤੋਂ ਕੁਰਬਾਨ ਹੋ ਜਾਣ ਵਾਲੇ ਸ਼ਹੀਦਾਂ ਦੀਆਂ ਜੀਵਨੀਆਂ ਵਾਚੀਏ ਤਾਂ ਪਤਾ ਲਗੇਗਾ ਕਿ ਗੁਰੂ ਪਾਤਸ਼ਾਹ ਦੀ ਦ੍ਰਿੜ੍ਹ

 [ਬਾਕੀ ਦੇਖੋ ਸਫ਼ਾ ੪੧ ਦੇ ਹੇਠ] 

www.AKJ.Org

# ਹਾਲੈਂਡ ਵਿਖੇ ਨਾਮ ਬਾਣੀ ਦੀ ਵਰਖਾ ਅਤੇ ਪਰਤੱਖ ਕਲਾ

ਭਾਈ ਅਜਾਇਬ ਸਿੰਘ ਜੀ ਡਡਲੀ ਯੂ. ਕੇ. ਤੋਂ ਲਿਖਦੇ ਹਨ ਕਿ ੧੯ ਸਿੰਘਾਂ ਸਿੰਘਣੀਆਂ ਦਾ ਜਥਾ ਇੰਗਲੈਂਡ ਤੋਂ ਗੁਰਮਤਿ ਤੇ ਗੁਰਬਾਣੀ ਦਾ ਅਨੰਦ ਮਾਨਣ ਤੇ ਵੰਡਣ ਲਈ ਹਾਲੈਂਡ ਵਿਖੇ ਵੈਸਾਖੀ ਸਮੇਂ ਪੁਜਾ। ਉਥੋਂ ਦੀ ਰਾਜਧਾਨੀ ਐਮਸਟ੍ਰਡਮ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਏ ਅਤੇ ਅਖੰਡ ਕੀਰਤਨ ਦੀਆਂ ਗੁੰਜਾਰਾਂ ਪਈਆਂ। ਕੀਰਤਨ ਸ੍ਰਵਣ ਕਰਨ ਲਈ ਮੁਸਲਮਾਨ, ਹਿੰਦੂ ਅਤੇ ਗੋਰੇ ਵੀ ਕਾਫੀ ਗਿਣਤੀ ਵਿਚ ਪੁਜੇ ਹੋਏ ਸਨ। ਇਕ ਜ਼ਵੇਦ ਨਾਮੀ ਮੁਸਲਮਾਨ ਸਜਣ ਨੇ ਗੁਰੂ ਕੇ ਲੰਗਰ ਦੀ ਸੇਵਾ ਕਰਵਾਈ। ਅੰਮ੍ਰਿਤ ਸਿੰਚਾਰ ਵਿਚ ਸਵਾ ਲੱਖ ਫੌਜਾਂ ਹੀ ਜਹਾਜ਼ੇ ਚੜ੍ਹੀਆਂ, ਕਿਉਂਕਿ ਰਹਿਤ ਬਹਿਤ ਦੀ ਕਰੜਾਈ ਸਾਹਵੇਂ ਸਭ ਝੜ ਗਏ। ਉਸ ਮੁਲਕ ਵਿਚ ਪਹਿਲੀ ਵਾਰ ਪੰਜਾਂ ਗੁਰੂ ਪਿਆਰਿਆਂ ਦੀ ਰਹਿਨੁਮਾਈ ਤੇ ਜੈਕਾਰਿਆਂ ਦੀ ਗੂੰਜ ਵਿਚ ਵੈਸਾਖੀ ਵਾਲੇ ਦਿਨ ਨਿਸ਼ਾਨ ਸਾਹਿਬ ਝੁਲਾਇਆ ਗਿਆ। ਉਥੇ ਗੁਰੂ ਰਾਮਦਾਸ ਆਸ਼ਰਮ ਵਿਚ ਵੀ ਜਥੇ ਨੇ ਪੁਜ ਕੇ ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਪਰ ਇਹ ਆਸ਼ਰਮ ਆਮ ਡੇਰੇਦਾਰਾਂ ਵਾਂਗ ਇਕ ਡੇਰਾ ਹੀ ਹੈ, ਜਿਥੇ ਡੇਰੇਦਾਰ ਦੀ ਸਲਾਹੁਣਾ ਉਤੇ ਹੀ ਜ਼ੋਰ ਦਿਤਾ ਜਾਂਦਾ ਹੈ।

ਇਸ ਤੋਂ ਬਾਅਦ ਭਾਈ ਰਾਜਿੰਦਰ ਸਿੰਘ ਜੀ ਦੇ ਉਦਮ ਨਾਲ ਰੋਟਰਡੈਮ ਦੇ ਨਵੇਂ ਸਾਜੇ ਜਾ ਰਹੇ ਗੁਰਦੁਆਰਾ ਸਾਹਿਬ ਵਿਖੇ ਜਥੇ ਨੇ ਪੁਜ ਕੇ ਕੀਰਤਨ ਦੇ ਅਨੰਦ ਮਾਣੇ ਅਤੇ ਲੰਗਰ ਛਕੇ। ਪੰਜਵੇਂ ਦਿਨ ਜਥਾ ਐਮਸਟ੍ਰਡਮ ਤੋਂ ਵਾਪਸੀ ਲਈ ਤਿਆਰ ਹੋਇਆ ਤਾਂ ਉਥੋਂ ਦੀਆਂ ਸੰਗਤਾਂ ਨੇ ਜਥੇ ਦੇ ਸਤਿਕਾਰ ਵਜੋਂ ਸਭ ਨੂੰ ਇਕ ਇਕ ਕੰਬਲ ਅਰਪਣ ਕੀਤਾ। ਜਥੇ ਨੇ ਸਰਬ-ਸੰਮਤੀ ਨਾਲ ਸਾਰੇ ਕੰਬਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਭੇਟ ਕਰ ਦਿਤੇ ਅਤੇ ਨਾਲ ਹੀ ਦਸ ਦਸ ਪੌਂਡ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਲਈ ਅਰਪਣ ਕੀਤੇ।

ਐਮਸਟ੍ਰਡਮ ਵਿਖੇ ਜਥੇ ਨੂੰ ਸੱਦਾ ਦੇਣ ਵਾਲੇ ਬੀਬੀ ਬਲਬੀਰ ਕੌਰ, ਭਾਈ ਰਾਜਿੰਦਰ ਸਿੰਘ, ਭਾਈ ਭੁਪਿੰਦਰ ਸਿੰਘ ਤੇ ਭਾਈ ਸੁੱਚਾ ਸਿੰਘ ਆਦਿ ਸਜਣਾਂ ਵਿਚੋਂ ਭਾਈ ਸੁੱਚਾ ਸਿੰਘ ਦੀ ਵਿਥਿਆ ਡਾਢੀ ਹੀ ਰੋਚਿਕ ਹੈ। ਇਹ ਪਿਛੋਂ ਪਿੰਡ ਤਾਹਰਪੁਰ ਜ਼ਿਲਾ ਜਲੰਧਰ ਦੇ ਹਨ। ਇਹ ਛੇ ਸਤ ਸਾਲ ਪਹਿਲਾਂ ਰੁਜ਼ਗਾਰ ਦੀ ਭਾਲ ਵਿਚ ਅਰਬ ਦੇਸ਼ਾਂ ਵਿਚ ਘੁੰਮਦੇ ਘੁੰਮਾਂਦੇ ਇਸ ਦੇਸ਼ ਵਿਚ ਆਏ। ਇਥੇ ਇਨ੍ਹਾਂ ਨੂੰ ਇਕ ਐਸੀ ਬੀਮਾਰੀ ਚੰਬੜੀ ਕਿ ਲੱਤਾਂ ਬਾਹਾਂ ਜੁੜ ਗਈਆਂ। ਡਾਕਟਰਾਂ ਨੇ ਜਵਾਬ ਦੇ ਦਿਤਾ। ਨਿਰਾਸ਼ ਪ੍ਰਾਣੀ ਦੇ ਭਾਗਾਂ ਨੂੰ ਉਥੇ ਇਸ ਨੂੰ ਕਿਸੇ ਪਾਸੋਂ 'ਸੂਰਾ' ਵਲੋਂ ਛਪਿਆ ਟਰੈਕਟ "ਗੁਰਬਾਣੀ ਦੀ ਪਾਰਸ-ਕਲਾ" ਮਿਲ ਗਿਆ। ਇਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਲਿਖਤ ਪੁਸਤਕਾਂ ਵਿਚੋਂ ਪੰਜ ਹੱਡੀਂ ਵਾਪਰੀਆਂ ਵਾਰਤਾਂ ਹਨ, ਜਿਨ੍ਹਾਂ ਵਿਚ ਸਪਸ਼ਟ ਹੈ ਕਿ ਕਿਵੇਂ ਗੁਰਬਾਣੀ ਪੜ੍ਹਨ ਸੁਣਨ ਨਾਲ ਪਾਰਸ-ਕਲਾ ਵਰਤਦੀ ਹੈ। ਉਸ ਨੂੰ ਗੁਰਬਾਣੀ ਤੇ ਪੂਰਨ ਭਰੋਸਾ ਬਝ ਗਿਆ ਤੇ ਅੰਮ੍ਰਿਤ ਛਕਣ ਦੀ ਤਾਂਘ ਪੈਦਾ ਹੋ ਗਈ। ਸਾਲ ਕੁ ਪਿਛੋਂ ਉਥੇ ਪਹਿਲੀ ਵਾਰ ਅੰਮ੍ਰਿਤ-ਸਿੰਚਾਰ ਹੋਇਆ। ਭਾਈ ਸੁੱਚਾ ਸਿੰਘ ਸਭੇ ਆਸਾਂ ਲਾਹ ਬੈਠਾ ਸੀ। ਇਸ ਦਸ਼ਾ ਵਿਚ ਅੰਮ੍ਰਿਤ ਛਕਕੇ ਗੁਰੂ ਦਾ ਲੜ ਫੜਿਆ। ਸੱਚੇ ਪਾਤਸ਼ਾਹ ਦੀ ਕਿਰਪਾ ਹੋਈ ਅਤੇ ਨਾਮ ਬਾਣੀ ਨੇ ਐਸੀ ਕਲਾ ਵਰਤਾਈ ਕਿ ਲਾ-ਇਲਾਜ ਰੋਗੀ ਦਿਨਾਂ ਵਿਚ ਹੀ ਤੁਰਨ ਫਿਰਨ ਜੋਗਾ ਹੋ ਗਿਆ। ਨਾਮ ਦੀ ਅਉਖਧੀ ਨਾਲ ਉਹ ਸਜਣ ਬਿਲਕੁਲ ਨੌ-ਬਰ-ਨੌ ਹੋ ਗਿਆ।

---

[ਸਫ਼ਾ ੪੦ ਦੀ ਬਾਕੀ]

ਕਰਾਈ ਰਹਿਤ-ਰਹਿਣੀ ਨੂੰ ਧਾਰਨ ਕਰਕੇ ਹੀ ਗੁਰਸਿਖੀ ਕਮਾਈ ਜਾ ਸਕਦੀ ਹੈ। ਅੰਦਰੂਨੀ ਤੇ ਬਹਿਰੂਨੀ ਰਹਿਤ ਸਦਕਾ ਹੀ ਸਿੱਖੀ ਸਿੱਦਕ ਵਿਚ ਪਰਪੱਕ ਹੋ ਸਕੀਦਾ ਹੈ, ਸਿੱਖੀ ਲਈ ਆਪਣਾ ਤਨ, ਮਨ, ਧਨ, ਕੁਰਬਾਨ ਕੀਤਾ ਜਾ ਸਕਦਾ ਹੈ। ਆਓ ਗੁਰੂ ਵਰੋਸਾਏ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਅੰਮ੍ਰਿਤ ਦੇ ਅਭਿਲਾਖੀ ਹੋਈਏ, ਅਤੇ ਅੰਮ੍ਰਿਤ ਪ੍ਰਾਪਤ ਕਰ ਕੇ ਆਪਣਾ ਆਪਾ ਤੇ ਸਭ ਕੁਝ ਗੁਰੂ ਦੇ ਹਵਾਲੇ ਕਰ ਦੇਈਏ। ਬਸ ਫਿਰ ਗੁਰੂ ਸਾਡੇ ਅੰਗ ਸੰਗ ਹੋਵੇਗਾ ਅਤੇ ਅਸੀਂ ਸਦਾ ਅਨੰਦ ਤੇ ਚੜ੍ਹਦੀ ਕਲਾ 'ਚ ਹੀ ਵਿਚਰਾਂਗੇ।



www.AKJ.Org

**ਬੇਨਤੀ**– ਸਿਹਤ ਦੀ ਖਰਾਬੀ ਕਾਰਨ ਦਾਸ ਪਾਸੋਂ, ਜ਼ਿਮੇ ਲਗਾਈ ਗਈ ਸੇਵਾ ਕੁਝ ਦੇਰ ਤੋਂ ਪੂਰੀ ਤਰ੍ਹਾਂ ਨਿਭ ਨਹੀਂ ਰਹੀ। ਇਸ ਲਈ ਸੰਗਤਾਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਦਿਲੀ ਦੁਸਹਿਰੇ ਸਮਾਗਮ ਤੇ ਇਹ ਸੇਵਾ ਕਿਸੇ ਯੋਗ ਵਿਅਕਤੀ ਨੂੰ ਸੌਂਪੀ ਜਾਵੇ ਜੀ।

ਖਾਲਸਾ ਜੀ ਦਾ ਸੇਵਾਦਾਰ–ਰਾਮ ਸਿੰਘ

ਜਥੇਦਾਰ, ਅਖੰਡ ਕੀਰਤਨੀ ਜਥਾ

---

# 'ਸੂਰਾ' ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ 12 ਨਵੇਂ ਮੈਂਬਰਾਂ ਦੇ ਡੇਢ ਡੇਢ ਸੋ ਰੁਪਏ ਪੁਜੇ ਹਨ। ਇਨ੍ਹਾਂ ਦੀ ਬੈਂਕ ਚੋਂ ਬਣਾਈ ਐਫ.ਡੀ. ਦਾ ਨੰਬਰ ਇਸ ਤਰ੍ਹਾਂ ਹੈ–313445/258/82 ਮਿਤੀ 28-5-82 ਤੋਂ 28-5-85, ਰਕਮ 1800/–ਰੁਪਏ।

ਸ: ਜਸਵੰਤ ਸਿੰਘ ਯੂ ਕੇ ਵਲੋਂ ਚਿਟ ਨੰਬਰ ੬੦੦੨ ਤੇ ੬੦੦੩, ਸ: ਮਥਰਾ ਸਿੰਘ ਕੋਛੜ ੬੦੦੪, ਬੀਬੀ ਕੁਲਦੀਪ ਕੌਰ ਕਾਲਰਾ ੬੦੦੫, ਮੈਸਰਜ਼ ਗੁਰੂ ਬਲਵੰਤ ਮਟੋਰ ੬੦੦੬, ਗੈਰੀਜ਼ਨ ਗੁਰਦਵਾਰਾ ਕਾਂਪਟੀ ੬੦੦੭, ਸ: ਕੁਲਵੰਤ ਸਿੰਘ ਮਕੜ ੬੦੦੮, ਬੀਬੀ ਪ੍ਰਕਾਸ਼ ਕੌਰ ਸੋਢੀ ੬੦੦੯, ਗੁਰਦਵਾਰਾ ਸਾਹਿਬ ਏਅਰ ਫੋਰਸ ਸਾਊਥ ਦਿਉਲਾਲੀ ੬੦੧੦, ਗੁਰਦਵਾਰਾ ਸਾਹਿਬ ਐਮ, ਟੀ. ਬੈਟਰੀ ਦਿਉਲਾਲੀ ੬੦੧੧, ਸ: ਜਸਵਿੰਦਰ ਸਿੰਘ ਅੰਮ੍ਰਿਤਸਰ ੬੦੧੨, ਸ: ਮਹਿੰਦਰ ਸਿੰਘ ਦਿਓਗਨ ਮਥਰਾ ੬੦੧੩। ਪਹਿਲੇ ਦਸ ਮੈਂਬਰਾਂ ਵਲੋਂ ਡੇਢ ਡੇਢ ਸੌ ਰੁਪਏ, ਗਿਆਰ੍ਹਵੇਂ ਵਲੋਂ ਸਾਢੇ ਛੇ ਸੌ ਰੁਪਏ ਅਤੇ ਬਾਰ੍ਹਵੇਂ ਵਲੋਂ ਸਾਢੇ ਸਤ ਸੌ ਰੁਪਏ ਪੁਜੇ ਹਨ। ਸਾਂਝੀ ਐਫ. ਡੀ. ਦਾ ਨੰਬਰ ਹੈ–313515/328/82 ਮਿਤੀ 23-6-82 ਤੋਂ 23-6-85, ਰਕਮ 2900/–

ਬੀਬੀ ਗੁਰ ਕਿਰਪਾਲ ਕੌਰ ਭਵਾਨੀ ੬੦੧੪, ਸ: ਜੋਗਿੰਦਰ ਸਿੰਘ S.O. ੬੦੧੫, ਕੇ. ਜੇ. ਐਸ. ਚਮਨ ਜਵਾਹਰ ਨਗਰ ੬੦੧੬, ਸ: ਸੁਖਦੇਵ ਸਿੰਘ ਬਿੰਝੋ ੬੦੧੭, L/nk ਮੇਜਰ ਸਿੰਘ ੬੦੧੮, ਸ: ਸਵਿੰਦਰ ਸਿੰਘ ਵਿਜ ੬੦੧੯, ਸ: ਹਰਭਜਨ ਸਿੰਘ ਹਕੀਮ ਮਾਲੂਵਾਲ ੬੦੨੦, ਰਾਣਾ ਦਿਲਬਾਗ ਸਿੰਘ ਬਾਜਪੁਰ ੬੦੨੧, ਸ: ਗੁਰਬਖਸ਼ ਸਿੰਘ ਬੱਗਾ ਅੰਮ੍ਰਿਤਸਰ ੬੦੨੨, ਸ: ਜਸਵੰਤ ਸਿੰਘ ਕੋਹਲੀ ਠੇਕੇਦਾਰ ਨਾਗਪੁਰ ੬੦੨੩, ਸ: ਗੁਰਜੀਤ ਸਿੰਘ ਯੂ. ਕੇ. ੬੦੨੪ (੨੧੩੪) ਸਿਖ ਟੈਂਪਲ ਲਾਚੀਨ ਕੈਨੇਡਾ ੬੦੨੫ (੨੨੩੩)।

# ਪੁਰਾਣੇ ਅਮਾਨਤੀ ਲਾਈਫ਼ ਮੈਂਬਰ

21 ਪੁਰਾਣੇ ਲਾਈਫ਼ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਬੈਂਕ ਐਫ.ਡੀ. ਦਾ ਨੰਬਰ ਹੈ–313446/259/82 ਮਿਤੀ 28-5-82 ਤੋਂ 28-5-85 ਰਕਮ 1050/–ਰੁਪਏ।

Sgt. ਤੇਜਿੰਦਰ ਸਿੰਘ ੩੦੩੮, ਖਾ: ਬੂਟ ਹਾਊਸ ਸ਼ਿਮਲਾ ੩੦੫੩, ਗਿ: ਗੁਰਬਚਨ ਸਿੰਘ ਅੰਮ੍ਰਿਤਸਰ ੩੦੭੯, ਗੁਰਦਵਾਰਾ ਸਾਹਿਬ ੫੩ ਬਟਾਲੀਅਨ ੩੨੨੦, ਪ੍ਰੋ: ਰਣਜੀਤ ਸਿੰਘ ਚੰਡੀਗੜ੍ਹ, ੩੩੩੦, Cpl, ਸੁਰਿੰਦਰ ਸਿੰਘ ੩੩੪੨, ਸ: ਨਿਰਮਲ ਸਿੰਘ ਮਿਆਣੀ ਭਗੂਪੁਰੀਆਂ ੩੩੫੯, ਸ: ਕੁਲਜੀਤ ਸਿੰਘ ਕਾਨਪੁਰ ਵਲੋਂ ੩੩੭੮, ਭਾਈ ਸੰਤੋਖ ਸਿੰਘ ਕਲਕਤਾ ੩੪੧੩, ਸ: ਅਜੀਤ ਸਿੰਘ ਘਣੀਆਂ ੩੫੧੬, ਸ: ਕਰਮ ਸਿੰਘ ਤਲਵਾੜ ਜਲੰਧਰ ਛਾ: ੩੫੩੦, ਸੂਬੇਦਾਰ ਚੰਨਣ ਸਿੰਘ ਸਪਰਾਂ ੩੫੭੦,ਐਮ.ਐਸ. ਖਰਬੰਦਾ ੩੫੮੭, ਸ: ਮਨਜੀਤ ਸਿੰਘ ਖਾਲਸਾ ਬੰਬੇ ੩੫੯੫, ਸ: ਅਜੀਤ ਸਿੰਘ ਜਲੰਧਰ ੩੬੦੧, ਸ੍ਰੀਮਤੀ ਗੁਰਦੇਵ ਕੌਰ ਢਡਿਆਲਾ ੩੬੧੦, ਸ: ਬਲਬੀਰ ਸਿੰਘ ਸਰਪੰਚ ਅੰਮ੍ਰਿਤਸਰ ੩੬੧੧, ਸ: ਕੁਲਜੀਤ ਸਿੰਘ ਕਾਨਪੁਰ ਵਲੋਂ ੩੮੧੩ ਤੇ ੩੮੧੪, ਸ: ਮੋਹਨ ਸਿੰਘ ਜਲੰਧਰ ੩੮੫੨, ਸ: ਕੁਲਜੀਤ ਸਿੰਘ ਕਾਨਪੁਰ ਵਲੋਂ ੩੯੦੩।

ਹੇਠ ਲਿਖੇ ਅਠ ਪੁਰਾਣੇ ਅਮਾਨਤੀ ਲਾਈਫ ਮੈਂਬਰਾਂ ਵਲੋਂ ਪੰਜਾਹ ਪੰਜਾਹ ਰੁਪਏ ਪੁਜੇ ਹਨ। ਸਭ ਦੀ ਸਾਂਝੀ ਐਫ. ਡੀ. ਨੰਬਰ ਹੈ–313516/329/82 ਮਿਤੀ 23-6-82 ਤੋਂ 23-6-85, ਰਕਮ 400/–ਰੁਪਏ।

ਬੀਬੀ ਕਰਤਾਰ ਕੌਰ ਅੰਮ੍ਰਿਤਸਰ ੩੦੦੪, ਸ: ਬੰਗਲਾਵਰ ਸਿੰਘ ਸਿੰਦਰੀ ੩੦੩੦, ਬੀਬੀ ਮਨਜੀਤ ਕੌਰ ਦਿੱਲੀ ਕੈਂਟ ੩੧੮੪, ਮਿ. ਆਰ. ਕੇ. ਔਲਖ ਚੰਡੀਗੜ੍ਹ ੩੧੯੯, ਸ: ਗੁਰਮੀਤ ਸਿੰਘ ਅਹਿਮਦਾਬਾਦ ੩੪੮੮, ਭਾ: ਮਹਿੰਦਰ ਸਿੰਘ ਬੰਬਈ ੩੬੫੩, ਬੀਬੀ ਜਗਦੀਸ਼ ਕੌਰ ਫਰੀਦਕੋਟ ੩੭੭੭, ਸ: ਪ੍ਰਿਤਪਾਲ ਸਿੰਘ ਮਥਰਾ ੩੮੪੨—

---

# ਚੰਡੀਗੜ੍ਹ ਵਿਖੇ ਸਾਲਾਨਾ ਸਮਾਗਮ 18 ਤੋਂ 22 ਅਗਸਤ ਨੂੰ

ਪ੍ਰੋਗਰਾਮ ਅਗਸਤ ਦੇ ਪਰਚੇ ਵਿਚ

www.AKJ.Org

## ਊਧਮਪੁਰ ਵਿਖੇ ਪਹਿਲਾ ਅਖੰਡ ਕੀਰਤਨ ਸਮਾਗਮ

### 22 ਜੁਲਾਈ ਵੀਰਵਾਰ ਸਵੇਰ ਤੋਂ 25 ਜੁਲਾਈ ਐਤਵਾਰ ਸਵੇਰ ਤਕ

ਅਖੰਡ ਕੀਰਤਨੀ ਜਥਿਆਂ ਵਲੋਂ ਇਹ ਸਮਾਗਮ ਰਚੇ ਜਾ ਰਹੇ ਹਨ। ਸਮੂਹ ਗੁਰਮੁਖ ਪਿਆਰਿਆਂ ਦੇ ਚਰਨਾਂ ਵਿਚ ਕੂਕਰਾਂ ਦੀਆਂ ਜੋਦੜੀਆਂ ਹਨ ਕਿ ਆਇ ਦੀਦਾਰ ਬਖਸ਼ੋ ਜੀ। ਪਰੋਗਰਾਮ ਇੰਜ ਹੈ :—

| | | | |
|---|---|---|---|
| 22 ਜੁਲਾਈ | ਸਵੇਰੇ | 5-00 ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ | ਗੁ: ਸਿੰਘ ਸਭਾ ਊਧਮਪੁਰ ਵਿਖੇ |
| | ਰਾਤ | 8-00 ਤੋਂ 10-00 ਅਖੰਡ ਕੀਰਤਨ | ,, ,, ,, |
| 23 ਜੁਲਾਈ | ਸਵੇਰੇ | 7-00 ਤੋਂ 11-00 ਅਖੰਡ ਕੀਰਤਨ | ਗੁਰਦਵਾਰਾ ਮੈੱਸ ਚੋਪੜਾ ਸ਼ਾਪ |
| | ਰਾਤ | 8-00 ਤੋਂ 10-00 ਅਖੰਡ ਕੀਰਤਨ | ਗੁ: ਸਿੰਘ ਸਭਾ ਊਧਮਪੁਰ |
| 24 ਜੁਲਾਈ | ਸਵੇਰੇ | 5-00 ਭੋਗ ਸ੍ਰੀ ਅਖੰਡਪਾਠ ਉਪਰੰਤ ਅਖੰਡ ਕੀਰਤਨ | ,, ,, ,, |
| | ਰਾਤ | 8-00 ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ | ,, ,, ,, |

ਨੋਟ :—1. ਰਿਹਾਇਸ਼ ਗੁ: ਸਿੰਘ ਸਭਾ ਊਧਮਪੁਰ ਵਿਖੇ ਹੋਵੇਗੀ। ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।

2. ਊਧਮਪੁਰ ਤੋਂ ਜੰਮੂ ਦੀ ਬਸ ਹਰ 15 ਮਿੰਟ ਬਾਅਦ ਮਿਲਦੀ ਹੈ। ਪਰ ਦਿਨੇ ਦੋ ਤੋਂ ਚਾਰ ਦੇ ਦਰਮਿਆਨ ਦੋ ਬਸਾਂ ਪੰਜਾਬ ਰੋਡਵੇਜ਼ ਦੀਆਂ ਚਲਦੀਆਂ ਹਨ, ਜਿਨ੍ਹਾਂ ਵਿਚ ਸਿਗਰਟ ਬੀੜੀ ਬਿਲਕੁਲ ਨਹੀਂ ਵਰਤੀ ਜਾਂਦੀ।

ਚਰਨ ਸੇਵਕ—ਗੁਰਮੀਤ ਸਿੰਘ ਨਾਇਬ ਸੂਬੇਦਾਰ, ਅਖੰਡ ਕੀਰਤਨੀ ਜਥਾ, ਊਧਮਪੁਰ

---

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਨੂੰ ਕਾਇਮ ਰਖਦੇ ਹੋਏ ਸ਼ਹੀਦਾਂ ਦੀ ਯਾਦ ਵਿਚ ਲੁਧਿਆਣਾ ਜ਼ਿਲੇ ਦੇ ਪਿੰਡਾਂ ਵਿਚ ਹਰ ਮੰਗਲਵਾਰ ਸ਼ਾਮ ਨੂੰ 7-30 ਤੋਂ 9-30 ਤਕ ਦੇ ਪਰੋਗਰਾਮ—13 ਜੁਲਾਈ ਉਪੋਕੀ ਨੇੜੇ ਮਲੇਰ ਕੋਟਲਾ, 20 ਜੁਲਾਈ ਭੁੱਟਾ ਨੇੜੇ ਆਲਮਗੀਰ, 27 ਜੁਲਾਈ ਜਾਂਗਪੁਰ ਨੇੜੇ ਮੁਲਾਂਪੁਰ, 3 ਅਗਸਤ ਕੁਲਾਰ ਨੇੜੇ ਜਸੋਵਾਲ।

ਦਾਸਰਾ—ਦਰਸ਼ਨ ਸਿੰਘ (ਡਾਕਟਰ), 614-ਆਰ ਮਾਡਲ ਟਾਊਨ, ਲੁਧਿਆਣਾ

---

## ਚੰਡੀਗੜ੍ਹ ਵਿਖੇ ਅਖੰਡ ਕੀਰਤਨ ਸਮਾਗਮ

ਦਾਸ ਦੇ ਭੁਜੰਗੀ ਕਾਕਾ ਚਰਨਪਾਲ ਸਿੰਘ ਦੀ ਆਤਮਕ ਸ਼ਾਂਤੀ ਲਈ 18-19-20 ਜੁਲਾਈ ਐਤਵਾਰ ਤੋਂ ਮੰਗਲਵਾਰ ਤਕ ਅਖੰਡਪਾਠ ਰਖੇ ਜਾਣਗੇ ਅਤੇ ਅਖੰਡ ਕੀਰਤਨ ਦੀ ਅੰਮ੍ਰਿਤ ਬਰਖਾ ਅਖੰਡ ਕੀਰਤਨੀ ਜਥਿਆਂ ਵਲੋਂ ਹੋਵੇਗੀ। ਆਇ ਦੀਦਾਰ ਬਖਸ਼ੋ ਜੀ।

ਦਾਸਰਾ—ਨਿਰੰਜਨ ਸਿੰਘ, 1285- ਸੈਕਟਰ 21-ਬੀ, ਚੰਡੀਗੜ੍ਹ

---

## ਅੰਬਾਲਾ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਗੋਵਿੰਦ ਨਗਰ ਅੰਬਾਲਾ ਛਾਉਣੀ ਵਿਖੇ 3 ਜੁਲਾਈ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

ਦਰਸ਼ਨ ਅਭਿਲਾਖੀ—ਵੀਰ ਖਾਲਸਾ ਦਲ, ਅੰਬਾਲਾ ਕੈਂਟ

---

## ਮੋਗਾ ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਬੰਸ ਸਿੰਘ ਜੀ ਦੀ ਯਾਦ ਵਿਚ 10 ਜੁਲਾਈ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰਾ—ਗੁਰਚਰਨ ਸਿੰਘ, ਮਕਾਨ ਨੰਬਰ 776, ਸਿਵਲ ਲਾਈਨ, ਮੋਗਾ

---

## ਗੁਃ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇੜੇ ਰੇਲਵੇ ਸ਼ਟੇਸ਼ਨ ਗੋਬਿੰਦਗੜ੍ਹ ਵਿਖੇ ਭਾਈ ਹਰੀ ਸਿੰਘ ਜੀ ਖਾਲਸਾ ਵਲੋਂ 22-23-24 ਜੁਲਾਈ ਨੂੰ ਸ੍ਰੀ ਅਖੰਡਪਾਠ ਹੋਣਗੇ। 24 ਜੁਲਾਈ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ


ਪੁਛ ਗਿਛ—ਭਾਈ ਸੁਰਜੀਤ ਸਿੰਘ, ਐਫ-99, ਰਾਜਪੁਰਾ ਕਾਲੋਨੀ, ਪਟਿਆਲਾ

ਦਾਸਰੇ--ਅਖੰਡ ਕੀਰਤਨੀ ਜਥਾ, ਪਟਿਆਲਾ

www.AKJ.Org

# ਗੁਰਦੁਆਰਾ ਨਾਨਕ ਲਾਮਾ ਚੁੰਗਥਾਂਗ (ਨਾਰਥ ਸਿਕਮ)

ਇਥੇ ਗੁਰੂ ਨਾਨਕ ਦੇਵ ਜੀ ਦੇ ਪਗ-ਚਿੰਨ੍ਹ ਪਰਤੱਖ ਦੇਖੇ ਜਾ ਸਕਦੇ ਹਨ ।



## ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਯਾਦ ਵਿਚ ਨਾਰੰਗਵਾਲ ਵਿਖੇ ਸਾਲਾਨਾ ਸਮਾਗਮ

ਵੀਰਵਾਰ 8 ਜੁਲਾਈ ਸਵੇਰ ਤੋਂ 11 ਜੁਲਾਈ ਐਤਵਾਰ ਸਵੇਰ ਤਕ

ਭਾ: ਸਾ: ਭਾਈ ਰਣਧੀਰ ਸਿੰਘ ਜੀ ਦਾ ਜਨਮ ਦਿਨ ਸਮਾਗਮ ਉਨ੍ਹਾਂ ਦੇ ਜਨਮ-ਅਸਥਾਨ ਨਾਰੰਗਵਾਲ ਵਿਖੇ ਸਮੂਹ ਅਖੰਡ ਕੀਰਤਨੀ ਜਥਿਆਂ ਵਲੋਂ ਮਨਾਇਆ ਜਾ ਰਿਹਾ ਹੈ । 8 ਜੁਲਾਈ ਸਵੇਰੇ 4-30 ਤੋਂ 6-30 ਕੀਰਤਨ ਆਸਾ ਦੀ ਵਾਰ, ਉਪਰੰਤ ਅਰੰਭ ਸ੍ਰੀ ਅਖੰਡਪਾਠ । 9 ਜੁਲਾਈ ਸਵੇਰੇ 6 ਤੋਂ 12 ਆਸਾ ਦੀ ਵਾਰ ਕੀਰਤਨ । 8 ਤੇ 9 ਜੁਲਾਈ 6 ਤੋਂ 9 ਅਖੰਡ ਕੀਰਤਨ। 10 ਜੁਲਾਈ ਸਵੇਰੇ ਭੋਗ ਸ੍ਰੀ ਅਖੰਡਪਾਠ, ਦੁਪਹਿਰ ਤਕ ਕੀਰਤਨ, ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ, ਸ਼ਾਮ 7-30 ਰੈਣ ਸਬਾਈ ਕੀਰਤਨ, 11 ਜੁਲਾਈ ਸਵੇਰੇ ਸਮਾਪਤੀ । ਸਾਰਾ ਪਰੋਗਰਾਮ ਗੁਰਦਵਾਰਾ ਅਕਾਲੀਵਾਲਾ ਵਿਖੇ, ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਓ ਜੀ । ਨਾਰੰਗਵਾਲ ਜਾਣ ਲਈ ਨਵਾਂ ਬਸ ਅੱਡਾ 14 ਨੰਬਰ ਤੋਂ ਹਰ ਅੱਧੇ ਘੰਟੇ ਪਿਛੋਂ ਬਸ ਰਾਤ 8 ਵਜੇ ਤਕ ਮਿਲਦੀ ਹੈ।

ਦਰਸ਼ਨ ਅਭਿਲਾਖੀ–ਅਖੰਡ ਕੀਰਤਨੀ ਜਥਾ, ਲੁਧਿਆਣਾ-ਨਾਰੰਗਵਾਲ

www.AKJ.Org